T-15

ਧੰਨ ਗੁਰਦੇਵ!!

ਜੈ ਗੁਰਦੇਵ!

## ਚੌਦਹ ਸੌ ਤੇਤੀਸ ਕੋ ਮਾਘ ਸੁਦੀ ਪੰਦ੍ਰਾਸ॥
## ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥

—ਸੰਤ ਕਰਮਦਾਸ ਜੀ



ਆਸਾ ਬਾਣੀ ਸ੍ਰੀ ਰਵਿਦਾਸ ਜੀ ਕੀ॥
ੴ ਸਤਿਗੁਰ ਪ੍ਰਸਾਦਿ॥
ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ
ਦਉਰਿਓ ਫਿਰਤੁ ਹੈ॥ ੧॥ ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥
ਬਿਨਸਿ ਗਇਆ ਜਾਇ ਕਹੂੰ ਸਮਾਨਾ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ॥
੩॥ ੬॥ (ਪੰਨਾ ੪੮੭)

**ਵਿਆਖਿਆ :** ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਇਸ ਪਾਵਨ ਸ਼ਬਦ ਵਿਚ ਸੰਸਾਰ ਨੂੰ ਉਪਦੇਸ਼ ਦਿੰਦੇ ਹਨ ਕਿ ਜੀਵ ਪ੍ਰਮਾਤਮਾ ਦੇ ਨਾਮ ਨੂੰ ਵਿਸਾਰ ਕੇ ਮਾਇਆ ਵਿਚ ਫਸਿਆ ਹੋਇਆ ਹੈ। ਮਾਇਆ ਦੇ ਪ੍ਰਭਾਵ ਵਿਚ ਹੀ ਨੱਚਦਾ ਫਿਰਦਾ ਹੈ। ਜੀਵ ਮਾਇਆ ਨੂੰ ਪ੍ਰਾਪਤ ਕਰਕੇ ਫਿਰ ਇਸਦਾ ਹੰਕਾਰ ਕਰਦਾ ਹੈ ਪਰ ਜਦੋਂ ਮਾਇਆ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਰੋਣ ਲੱਗ ਪੈਂਦਾ ਹੈ। ਜੀਵ ਹਰ ਸਮੇਂ *(ਬਾਕੀ ਸਫ਼ਾ 15 ’ਤੇ)*

**ਟ੍ਰੈਕਟ ਨੰ: 15**

# ਮਾਟੀ ਕੋ ਪੁਤਰਾ

ਪਹਿਲੀ ਵਾਰ—10,000
ਫਰਵਰੀ—2007

*ਪ੍ਰਕਾਸ਼ਕ :*

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ)**

***ਹੈੱਡ-ਆਫਿਸ :*** N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
ਫੋਨ : 0181-2490309

***ਸਬ-ਆਫਿਸ :*** ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,
ਜ਼ਿਲ੍ਹਾ ਜਲੰਧਰ-144 201 ਫੋਨ : 0181-2725408

ਸੂਚਨਾ : ਇਸ ਪੰਫਲਿਟ ਦੀਆਂ 5000 ਕਾਪੀਆਂ ਮਾਤਾ ਕਲਸਾਂ ਸੇਵਾ ਸੁਸਾਇਟੀ (ਬੀਬੀਆਂ) ਸਤਿਗੁਰੂ ਰਵਿਦਾਸ ਮੰਦਿਰ ਭਗਵਾਨ ਦਾਸ ਕਾਲੋਨੀ, ਸਲੇਮ ਟਾਬਰੀ ਲੁਧਿਆਣਾ ਵਲੋਂ ਆਪਣੇ ਖ਼ਰਚੇ ’ਤੇ ਛਪਵਾ ਕੇ ਸੰਗਤਾਂ ਦੀ ਭੇਟਾ ਕੀਤੀਆਂ।

# ਆਓ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਵਿਚਰੀਏ

1992 ਦੀ ਗੱਲ ਏ। ਸ੍ਰੀਮਾਨ 108 ਸੰਤ ਗਰੀਬ ਦਾਸ ਜੀ ਨੇ ਸੰਤ ਸੁਰਿੰਦਰ ਦਾਸ ਕਠਾਰ ਹੁਰਾਂ ਰਾਹੀਂ ਮੈਨੂੰ ਸੁਨੇਹਾ ਭੇਜਿਆ ਕਿ ਕਠਾਰ ਹਸਪਤਾਲ ਵਿਖੇ ਸੰਤ ਸਮਾਜ ਦੀ ਮੀਟਿੰਗ ਹੈ, ਤੁਸੀਂ ਜ਼ਰੂਰ ਪਹੁੰਚੋ। ਹੁਕਮ ਮੰਨਦਾ ਹੋਇਆ ਮੈਂ ਮੀਟਿੰਗ ਵਿਚ ਸਮੇਂ ਅਨੁਸਾਰ ਪਹੁੰਚ ਗਿਆ। ਸੰਤ ਸਮਾਜ ਦੀ ਮੀਟਿੰਗ ਵਿਚ ਜਾਣਾ ਮੇਰਾ ਪਹਿਲਾ ਅਨੁਭਵ ਸੀ। ਇਸ ਤੋਂ ਪਹਿਲਾਂ ਮੈਂ ਕਦੇ ਵੀ ਸੰਤ ਸਮਾਜ ਦੀ ਮੀਟਿੰਗ ਵਿਚ ਨਹੀਂ ਸਾਂ ਗਿਆ। ਸ੍ਰੀਮਾਨ ਸੰਤ ਗਰੀਬ ਦਾਸ ਜੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਮੀਟਿੰਗ ਵਿਚ ਕਈ ਐਨ. ਆਰ. ਆਈ. ਵੀ ਪਹੁੰਚੇ ਹੋਏ ਸਨ।

ਇਸ ਮੀਟਿੰਗ ਵਿਚ ਬੇਗਮਪੁਰਾ ਅਖਬਾਰ ਦੀ ਸੰਪਾਦਕੀ ਬਾਰੇ ਤੇ ਹੋਰ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਫੀ ਵਿਚਾਰਾਂ ਤੋਂ ਬਾਅਦ 108 ਸੰਤ ਗਰੀਬ ਦਾਸ ਜੀ ਨੇ ਸਹਿ: ਸੰਪਾਦਕ ਦੀ ਜ਼ਿੰਮੇਵਾਰੀ ਮੇਰੇ ਸਿਰ ਪਾ ਦਿੱਤੀ। ਦਾਸ ਨੇ ਨਿਰੋਲ ਸੇਵਾ ਦੇ ਆਧਾਰ 'ਤੇ ਪੰਜ ਸਾਲ ਇਹ ਸੇਵਾ ਨਿਭਾਈ।

ਇਸ ਮੀਟਿੰਗ ਵਿਚ ਇਕ ਐਨ. ਆਰ. ਆਈ. ਨੇ ਸੁਝਾਅ ਦਿੱਤਾ ਕਿ ਸਾਰੇ ਡੇਰਿਆਂ ਵਾਲਿਆਂ ਨੂੰ ਆਪੋ-ਆਪਣੇ ਡੇਰੇ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਮਨਾਉਣਾ ਚਾਹੀਦਾ ਹੈ। ਉਸ ਦੀ ਗੱਲ ਅਜੇ ਅਧੂਰੀ ਹੀ ਸੀ ਕਿ ਇਕ ਸੰਤ ਮਹਾਰਾਜ ਗੁੱਸੇ ਵਿਚ ਆ ਗਏ। ਉਨ੍ਹਾਂ ਨੇ ਕਿਹਾ 'ਕੀ ਅਸੀਂ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਨਹੀਂ ਮਨਾਉਂਦੇ?'

ਉਸ ਐਨ. ਆਰ. ਆਈ. ਨੇ ਫਿਰ ਕਿਹਾ ਕਿ 'ਕਈ ਡੇਰਿਆਂ ਵਾਲੇ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਨਹੀਂ ਮਨਾਉਂਦੇ, ਸਗੋਂ ਆਪਣੇ ਪਹਿਲਾਂ ਹੋਏ ਸੰਤਾਂ ਦੀਆਂ ਬਰਸੀਆਂ ਬੜੇ ਜ਼ੋਰ-ਸ਼ੋਰ ਨਾਲ ਮਨਾਉਂਦੇ ਹਨ। ਪਹਿਲੇ ਸੰਤਾਂ ਦੀਆਂ ਮੂਰਤੀਆਂ ਸਥਾਪਤ ਕਰਦੇ ਹਨ।' ਇਹ ਬਹਿਸ ਕਾਫੀ ਲੰਮੀ-ਚੌੜੀ ਹੋਈ।

ਬੇਗਮਪੁਰਾ ਦੀ ਸੰਪਾਦਕੀ ਕਰਦਿਆਂ ਕਈ ਸੰਤਾਂ ਮਹਾਤਮਾਵਾਂ ਨਾਲ ਮੇਲ ਹੋਇਆ ਤੇ ਕਈ ਡੇਰਿਆਂ ਵਿਚ ਜਾਣ ਦਾ ਮੌਕਾ ਮਿਲਿਆ। ਵੇਖਿਆ ਕਿ ਕਈ ਡੇਰਿਆਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਮੂਰਤੀਆਂ ਦੇ ਨਾਲ ਹੋਰ ਕਈ ਦੇਵਤਿਆਂ ਦੀਆਂ ਮੂਰਤੀਆਂ ਵੀ ਲੱਗੀਆਂ ਹੋਈਆਂ ਹਨ ਤੇ ਡੇਰੇ ਦੇ ਪਹਿਲੇ ਤਪੀਸਰਾਂ ਦੀਆਂ ਮੂਰਤੀਆਂ ਵੀ ਜੈਪੁਰੋਂ ਬਣਵਾ ਕੇ ਲਾਈਆਂ ਹੋਈਆਂ ਹਨ ਤੇ ਸੰਗਤਾਂ ਇਨ੍ਹਾਂ ਮੂਰਤੀਆਂ ਨੂੰ ਮੱਥਾ ਟੇਕਦੀਆਂ ਹਨ। ਮੈਨੂੰ ਉਸ ਐਨ. ਆਰ. ਆਈ. ਦੀ ਉਸ ਸਮੇਂ ਕਹੀ ਗੱਲ ਠੀਕ ਜਾਪੀ। ਮੈਂ ਮਹਿਸੂਸ ਕੀਤਾ ਕਿ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪਾਸੇ ਕਰਕੇ ਮੂਰਤੀ ਪੂਜਾ ਤੇ ਸ਼ਖਸੀ ਪੂਜਾ ਵੱਲ ਸੰਗਤਾਂ ਨੂੰ ਪ੍ਰੇਰ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੱਚੀ ਬਾਣੀ ਸਰਵਣ ਕਰਵਾ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਸੰਗਤਾਂ ਸੰਤਾਂ ਨੂੰ ਮੱਥਾ ਟੇਕ ਰਹੀਆਂ ਹਨ।

ਬੇਗਮਪੁਰਾ ਦੀ ਪੰਜ ਸਾਲ ਨਿਸ਼ਕਾਮ ਸੇਵਾ ਕੀਤੀ। ਉਸ ਤੋਂ ਬਾਅਦ ਕੁਝ ਨੌਜੁਆਨਾਂ ਨੇ ਰਲ ਕੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ) ਨਾਂਅ ਦੀ ਧਾਰਮਿਕ ਜਥੇਬੰਦੀ ਬਣਾਈ ਤੇ ਇਸ ਵਲੋਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਆਧਾਰ ਉਤੇ ਹਰ ਸਾਲ ਇਕ (20

ਜਾਂ 16 ਸਫ਼ੇ ਦਾ) ਪੰਫਲਿਟ ਛਾਪ ਕੇ ਸੰਗਤਾਂ ਨੂੰ ਭੇਟ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕੇ ਛਾਪ ਕੇ ਸਗਤਾਂ ਨੂੰ ਭੇਜੇ ਜਾ ਰਹੇ ਹਨ। ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਉੱਦਮ ਲਈ ਸੰਗਤਾਂ ਵਲੋਂ ਦੇਸ਼-ਵਿਦੇਸ਼ ਤੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ।

ਇਕ ਵਾਰ ਅਸੀਂ ਪੰਫਲਿਟ ਸੰਗਤਾਂ ਨੂੰ ਵੰਡ ਰਹੇ ਸਾਂ ਤਾਂ ਕਈਆਂ ਨੇ ਕਿਹਾ ਕਿ ਤੁਸੀਂ 'ਸੋਹੰ' ਹੀ ਲਿਖ ਰਹੇ ਹੋ ਜਦਕਿ ਹੁਣ 'ਹਰਿ' ਰਜਿਸਟਰਡ ਹੋ ਚੁੱਕਾ ਹੈ। 'ਸੋਹੰ' ਦੀ ਥਾਂ ਤੁਸੀਂ 'ਹਰਿ' ਲਿਖਿਆ ਕਰੋ। ਅਸੀਂ 'ਹਰਿ' ਲਿਖਿਆ ਤਾਂ ਕਈਆਂ ਨੇ ਕਿਹਾ ਕਿ "ਅੱਛਾ! ਤੁਸੀਂ 'ਹਰਿ' ਵਾਲੇ ਹੋ, ਅਸੀਂ ਤਾਂ 'ਸੋਹੰ' ਵਾਲੇ ਹਾਂ।" ਇਹ ਸੁਣ ਕੇ ਮਨ ਨੂੰ ਬੜਾ ਦੁੱਖ ਲੱਗਾ ਤੇ ਸੋਚ ਵਿਚਾਰ ਤੋਂ ਬਾਅਦ ਅਸੀਂ 'ਸੋਹੰ' ਤੇ 'ਹਰਿ' ਪਹਿਲੇ ਸਫ਼ੇ 'ਤੇ ਦੋਵੇਂ ਹੀ ਛਾਪਣੇ ਸ਼ੁਰੂ ਕਰ ਦਿੱਤੇ। ਇਸ ਉਤੇ ਵੀ ਕਿੰਤੂ-ਪ੍ਰੰਤੂ ਹੋਇਆ ਤੇ ਫਿਰ ਹੁਣ ਅਸੀਂ 'ਧੰਨ ਗੁਰਦੇਵ ਜੈ ਗੁਰਦੇਵ' ਲਿਖਣਾ ਸ਼ੁਰੂ ਕੀਤਾ ਹੈ।

ਕਹਿਣ ਦਾ ਮਤਲਬ ਇਹ ਕਿ ਅਸੀਂ ਕਿੰਨੀਆਂ ਵੰਡੀਆਂ ਵਿਚ ਪਏ ਹੋਏ ਹਾਂ। ਪਹਿਲਾਂ ਤਾਂ ਅਸੀਂ ਡੇਰਿਆਂ ਵਿਚ ਵੰਡੇ ਹੋਏ ਹਾਂ, ਉਸ ਤੋਂ ਬਾਅਦ ਅਸੀਂ ਜਠੇਰਿਆਂ ਵਿਚ ਵੰਡੇ ਹੋਏ ਹਾਂ। ਉਸ ਤੋਂ ਬਾਅਦ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਲੈ ਕੇ ਵੀ ਵੰਡੇ ਹੋਏ ਹਾਂ। ਮੂਰਤੀ ਪੂਜਾ ਤੇ ਦੁਨਿਆਵੀ ਅਡੰਬਰਾਂ ਵਿਚ ਗ੍ਰਸੇ ਹੋਏ ਹਾਂ।

ਸਾਡੀ ਬਹੁਤ ਸਾਰੀ ਸੰਗਤ ਧਾਰਮਿਕ ਤੌਰ 'ਤੇ ਵੀ ਵੰਡੀ ਹੋਈ ਹੈ। ਕੋਈ ਕਿਸੇ ਪਾਸੇ ਤੁਰਿਆ ਹੋਇਆ ਹੈ ਤੇ ਕੋਈ ਕਿਸੇ ਪਾਸੇ। ਪੜ੍ਹਿਆ-ਲਿਖਿਆ ਇਨਸਾਨ ਬੜਾ ਸੂਝਵਾਨ ਹੋ ਜਾਂਦਾ ਹੈ। ਜੇ ਉਸ ਨੂੰ ਉਸ ਦੀ ਮਾਨਸਿਕ ਪੱਧਰ ਦਾ ਰਸਤਾ ਜਾਂ ਉਪਦੇਸ਼ ਨਾ ਮਿਲੇ ਤਾਂ ਉਹ ਦੂਸਰਾ ਰਸਤਾ ਅਖਤਿਆਰ ਕਰ ਲੈਂਦਾ ਹੈ। ਇਸ ਵਿਚ ਸਾਡੇ ਪ੍ਰਚਾਰਕਾਂ ਤੇ ਧਾਰਮਿਕ ਰਹਿਬਰਾਂ ਦਾ ਸਥਿਰ ਹੋਣਾ ਮੁੱਖ ਕਾਰਨ ਹੈ। ਨਾ ਹੀ ਅਸੀਂ ਆਪ ਰੂਹਾਨੀਅਤ ਵੱਲ ਉਡਾਰੀ ਮਾਰਦੇ ਹਾਂ ਤੇ ਨਾ ਹੀ ਸੰਗਤਾਂ ਨੂੰ ਇਸ ਪਾਸੇ ਤੋਰਦੇ ਹਾਂ।

ਸਾਡੇ ਧਾਰਮਿਕ ਸਮਾਗਮ ਮੇਲਿਆਂ ਦਾ ਰੂਪ ਧਾਰਦੇ ਜਾ ਰਹੇ ਹਨ। ਮੇਲਿਆਂ ਵਿਚ ਪੰਘੂੜੇ, ਖਾਣ-ਪੀਣ ਦੀਆਂ ਚੀਜ਼ਾਂ, ਵੰਗਾ, ਹਾਰ-ਸ਼ਿੰਗਾਰ ਦਾ ਸਾਮਾਨ, ਨਸ਼ਿਆਂ ਵਾਲੀਆਂ ਸ਼ਰਦਾਈਆਂ ਤੇ ਹੋਰ ਚੀਜ਼ਾਂ ਵਿਕਦੀਆਂ ਹਨ। ਇਹੀ ਕੁਝ ਸਾਡੇ ਧਾਰਮਿਕ ਸਮਾਗਮਾਂ ਵਿਚ ਵੀ ਹੋਣ ਲੱਗ ਪਿਆ ਹੈ। ਸਾਡੇ ਧਾਰਮਿਕ ਡੇਰਿਆਂ ਦੀਆਂ ਮਮਟੀਆਂ ਹੋਰ ਉੱਚੀਆਂ ਹੋ ਰਹੀਆਂ ਹਨ। ਡੇਰਿਆਂ ਵਿਚ ਇਕ ਤਰ੍ਹਾਂ ਨਾਲ ਮੁਕਾਬਲਾ ਹੋਇਆ ਪਿਆ ਹੈ ਕਿ ਸਾਡਾ ਡੇਰਾ ਵੱਡਾ ਹੈ ਤੇ ਸਾਡਾ ਡੇਰਾ ਜ਼ਿਆਦਾ ਤਰੱਕੀ ਉੱਤੇ ਹੈ। ਇਕ ਡੇਰੇ ਦੀ ਸੰਗਤ ਨੂੰ ਦੂਜੇ ਡੇਰੇ ਵਿਚ ਨਹੀਂ ਦੇਖਿਆ ਜਾਂਦਾ। ਇੰਜ ਅਸੀਂ ਧਾਰਮਿਕ ਪੱਖੋਂ ਵੰਡੀਆਂ ਵਿਚ ਪਏ ਹੋਏ ਹਾਂ।

ਅਸੀਂ ਸਿਆਸੀ ਪੱਖੋਂ ਵੀ ਮਾਰ ਖਾ ਰਹੇ ਹਾਂ। ਸਾਰੀਆਂ ਸਿਆਸੀ ਪਾਰਟੀਆਂ ਸਾਡੇ ਤੋਂ ਲਾਹਾ ਖੱਟ ਰਹੀਆਂ ਹਨ ਤੇ ਸਾਡੀ ਅਨਪੜ੍ਹਤਾ, ਗਰੀਬੀ ਤੇ ਹੋਰ ਲਾਚਾਰੀਆਂ ਤੋਂ ਲਾਭ ਲੈ ਕੇ ਰਾਜ-ਪਾਟ ਦਾ ਸੁਖ ਭੋਗ ਰਹੀਆਂ ਹਨ। ਬਹੁਜਨ ਸਮਾਜ ਪਾਰਟੀ ਉਤੇ ਆਸ ਸੀ. ਉਹ ਵੀ ਲੀਰੋ-ਲੀਰ ਹੋਈ ਜਾ ਰਹੀ ਹੈ। ਇਹ ਵੀ ਕਈ ਹਿੱਸਿਆਂ ਵਿਚ ਵੰਡੀ ਜਾ ਰਹੀ ਹੈ।

ਲੋੜ ਹੈ ਕਿ ਅਸੀਂ ਇਕ ਝੰਡੇ ਹੇਠ ਇਕੱਠੇ ਹੋਈਏ। ਸ੍ਰੀ ਗੁਰੂ ਰਵਿਦਾਸ ਜੀ ਦੇ 'ਬੇਗਮਪੁਰਾ' ਦੇ ਸੰਕਲਪ ਦੀ ਵਿਚਾਰਧਾਰਾ ਅਨੁਸਾਰ ਚੱਲੀਏ। ਸਾਡਾ ਵੀ ਇਕ ਅਕਾਲ ਤਖ਼ਤ ਹੋਣਾ ਚਾਹੀਦਾ ਹੈ, ਜਿਸ ਤੋਂ ਸਾਡੀ ਸਮੁੱਚੀ ਕੌਮ ਨੂੰ ਅਗਵਾਈ ਮਿਲੇ।

ਅਸੀਂ ਸੰਤਾਂ ਦੇ ਨਾਂਮ ਨਾਲ ਵੱਡੇ-ਵੱਡੇ ਵਿਸ਼ੇਸ਼ਣ ਲਗਾ ਰਹੇ ਹਾਂ ਤੇ ਸਤਿਗੁਰੂ ਰਵਿਦਾਸ ਜੀ ਦੇ ਨਾਂਮ ਨਾਲੋਂ ਵਿਸ਼ੇਸ਼ਣ ਉਤਾਰ ਰਹੇ ਹਾਂ। ਬਹੁਤ ਸਾਰੇ ਅਜਿਹੇ ਸੰਤਾਂ ਨੂੰ ਵੀ ਮਿਲਣ ਦਾ ਮੌਕਾ ਮਿਲਿਆ ਜਿਹੜੇ ਆਪਣੇ ਪੈਰੀਂ ਹੱਥ ਨਹੀਂ ਲੁਆਉਂਦੇ, ਸਮਾਗਮਾਂ ਵਿਚ ਥੋੜ੍ਹੀ ਦੇਰ ਬੈਠ ਕੇ ਫਿਰ ਇਕਾਂਤ ਵਿਚ ਚਲੇ ਜਾਂਦੇ ਹਨ। ਅਡੰਬਰਾਂ ਤੋਂ ਦੂਰ ਹਨ, ਬਹੁਤ ਘੱਟ ਬੋਲਦੇ ਹਨ। 24 ਘੰਟੇ ਸਿਮਰਨ ਵਿਚ ਹੀ ਗੁਜ਼ਾਰਦੇ ਹਨ। ਬਹੁਤ ਸਾਦੀ ਤੇ ਥੋੜ੍ਹੀ ਖੁਰਾਕ ਲੈਂਦੇ ਹਨ। ਉਨ੍ਹਾਂ ਦੀ ਤੱਕਣੀ ਵਿਚ ਮਿਠਾਸ ਹੈ, ਜਿਸ ਵੱਲ ਇਕ ਨਜ਼ਰ ਸੁੱਟਣ ਉਸ ਦਾ ਕਾਇਆ-ਕਲਪ ਹੋ ਜਾਂਦਾ ਹੈ। ਉਨ੍ਹਾਂ ਦਾ ਇਕ ਬੋਲ ਹੀ ਕਿਸੇ ਦੀ ਜ਼ਿੰਦਗੀ ਬਦਲ ਦਿੰਦਾ ਹੈ। ਜੋ ਬੋਲਦੇ ਹਨ ਉਹ ਸੱਚ ਹੋ ਜਾਂਦਾ ਹੈ, ਇਹ ਤਪੱਸਿਆ ਕਰਨ ਦਾ ਫਲ਼ ਹੈ। ਇਸ ਤਰ੍ਹਾਂ ਦੇ ਸੰਤ ਮਹਾਤਮਾ ਵਿਰਲੇ ਹਨ। ਇਸ ਤਰ੍ਹਾਂ ਦੇ ਸੰਤ ਮਹਾਤਮਾ ਹੀ ਮਿਲ ਕੇ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਅੱਗੇ ਲਿਜਾ ਸਕਦੇ ਹਨ ਅਤੇ ਕੌਮ ਨੂੰ ਸਹੀ ਸੇਧ ਦੇ ਸਕਦੇ ਹਨ।

ਦਾਸ : ਰਛਪਾਲ ਸਿੰਘ ਬੱਧਣ

ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ, ਪੰਜਾਬ।

* * *

# ਧਿਆਨ ਦੇਣ ਯੋਗ ਗੱਲਾਂ

*ਮਹਿੰਦਰ ਸੰਧੂ 'ਮਹੇੜੂ'*

ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਸੰਬੰਧੀ ਲੇਖਕਾਂ ਦੀ ਅਲੱਗ-ਅਲੱਗ ਰਾਇ ਹੈ। ਇਸ ਦੇ ਕਈ ਮੁੱਖ ਕਾਰਨ ਹਨ; ਜਿਵੇਂ—ਕੁਝ ਮਨੂੰਵਾਦੀ ਲੇਖਕ ਆਪਣੀ ਰਚਨਾ ਦੁਆਰਾ ਗੁਰੂ ਰਵਿਦਾਸ ਜੀ ਦੀ ਪਾਵਨ ਵਿਚਾਰਧਾਰਾ ਜਾਂ ਇਤਿਹਾਸ ਨੂੰ ਧੁੰਦਲਾ ਕਰਨਾ ਚਾਹੁੰਦੇ ਹਨ। ਕੁਝ ਲੇਖਕ ਗੁਰੂ ਸਾਹਿਬ ਨੂੰ ਆਪਣੀ ਜਾਤੀ/ਧਰਮ ਦੇ ਗੁਰੂਆਂ, ਮਹਾਂਪੁਰਸ਼ਾਂ ਤੋਂ ਹੇਠਲੀ ਪਦਵੀ 'ਤੇ ਰੱਖਣ ਲਈ ਗੁਰੂ ਰਵਿਦਾਸ ਜੀ ਦੇ ਇਤਿਹਾਸ ਨਾਲ ਖਿਲਵਾੜ ਕਰ ਜਾਂਦੇ ਹਨ ਤੇ ਕੁਝ ਲੇਖਕ ਪੁਰਾਣੀਆਂ ਅਰਥਹੀਣ, ਮਨਘੜਤ ਰਚਨਾਵਾਂ ਤੇ ਲੋਕ ਕਥਾਵਾਂ ਤੋਂ ਲਕੀਰ ਦੇ ਫਕੀਰ ਬਣ ਕੇ ਆਪਣੀ ਗ਼ਲਤ ਰਾਇ ਦੇ ਜਾਂਦੇ ਹਨ। ਅੱਜ ਲੋੜ ਹੈ ਕਿ ਸਾਰੀ ਕੌਮ ਇਕ ਸਰਬ ਸਾਂਝੇ ਪਲੇਟ ਫਾਰਮ 'ਤੇ ਇਕੱਠੀ ਹੋਵੇ ਅਤੇ ਹੇਠ ਲਿਖੀਆਂ ਜ਼ਰੂਰੀ ਗੱਲਾਂ ਵੱਲ ਧਿਆਨ ਦੇਵੇ—

1. ਜਨਮ ਤਿਥੀ : ਦਸ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜਦ ਕੋਈ ਵੀ ਲੇਖਕ ਲਿਖਤ ਲਿਖਦਾ ਹੈ ਤਾਂ ਉਹ ਗੁਰੂ ਸਾਹਿਬਾਂ ਦੀ ਜਨਮ ਤਿਥੀ, ਜਨਮ-ਅਸਥਾਨ ਤੇ ਮਾਤਾ-ਪਿਤਾ ਸੰਬੰਧੀ ਉਹੀ ਲਿਖੇਗਾ ਜੋ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਦਿੱਤਾ ਗਿਆ ਹੈ। ਦੁੱਖ ਦੀ ਗੱਲ ਹੈ ਕਿ ਗੁਰੂ ਰਵਿਦਾਸ ਜੀ ਦੇ ਜੀਵਨ-ਇਤਿਹਾਸ ਸੰਬੰਧੀ ਹਰੇਕ ਲੇਖਕ ਦੇ ਵੱਖ-ਵੱਖ ਵਿਚਾਰ ਹਨ।

ਡੇਰਾ ਸੱਚਖੰਡ ਬੱਲਾਂ ਦੇ ਗੱਦੀ-ਨਸ਼ੀਨਾਂ ਅਤੇ ਹੋਰ ਬੁੱਧੀਜੀਵੀਆਂ ਵਲੋਂ ਗੁਰੂ ਜੀ ਦਾ ਜਨਮ 1433 ਬਿਕ੍ਰਮੀ ਸੰਮਤ ਸੰਨ 1377 ਈ: ਮੰਨਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰਸਿੱਧ ਲੇਖਕ ਪ੍ਰੋ: ਲਾਲ ਸਿੰਘ, ਸ੍ਰੀ ਲੇਖ ਰਾਜ ਪਰਵਾਨਾ, ਜਸਬੀਰ ਸਿੰਘ ਸਾਬਰ, ਡਾ: ਕਰਮ ਸਿੰਘ, ਡਾ: ਕ੍ਰਿਸ਼ਨਾ ਕਲਸੀਆ, ਅਚਾਰੀਆ ਪ੍ਰਿਥਵੀ ਚੰਦ, ਡਾ: ਕੁਲਵੰਤ ਕੌਰ ਅਤੇ ਰਛਪਾਲ ਸਿੰਘ ਬੱਧਣ ਆਦਿ ਲੇਖਕ ਇਹੀ 1433 ਬਿਕ੍ਰਮੀ ਸੰਨ 1377 ਈ: ਮੰਨਦੇ ਹਨ।

2. ਜਨਮ ਅਸਥਾਨ : ਗੁਰੂ ਰਵਿਦਾਸ ਜੀ ਦਾ ਜਨਮ ਬਨਾਰਸ, ਜਿਸ ਨੂੰ ਅੱਜਕਲ੍ਹ ਵਾਰਾਨਸੀ ਦਾ ਨਾਮ ਦਿੱਤਾ ਹੋਇਆ ਹੈ ਪ੍ਰੰਤੂ ਬਨਾਰਸ ਵਿਚ ਕਿਸ ਥਾਂ 'ਤੇ ਹੋਇਆ ? ਇਹ ਗੱਲ ਕਾਫੀ ਸਮਾਂ ਪ੍ਰਸ਼ਨ ਚਿੰਨ੍ਹ ਬਣੀ ਰਹੀ। ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕ੍ਰਿਪਾ ਹੋਈ ਜਿਨ੍ਹਾਂ ਨੇ ਇਸ ਪਾਵਨ ਅਸਥਾਨ ਦੀ ਖੋਜ ਕਰਵਾਈ। ਉਨ੍ਹਾਂ ਦੀ ਖੋਜ ਅਨੁਸਾਰ ਬਨਾਰਸ ਵਿਚ ਸੀਰ ਗੋਵਰਧਨਪੁਰ ਵਿਖੇ ਗੁਰੂ ਸਾਹਿਬ ਦਾ ਜਨਮ ਹੋਇਆ। ਸੰਤਾਂ ਦੇ ਉੱਦਮ ਸਦਕਾ ਉਥੇ ਬਹੁਤ ਵਧੀਆ ਤੇ ਵਿਸ਼ਾਲ ਮੰਦਰ ਦੀ ਉਸਾਰੀ ਕੀਤੀ ਗਈ ਹੈ। ਇਥੇ ਇਕ ਇਮਲੀ ਦਾ ਰੁੱਖ ਵੀ ਮੌਜੂਦ ਹੈ ਜਿਥੇ ਦਸਾਂ ਨਹੁੰਆਂ ਦੀ ਕਿਰਤ ਗੁਰੂ ਜੀ ਜੋੜੇ ਗੰਢ ਕੇ ਕਰਿਆ ਕਰਦੇ ਸਨ। ਸਮੁੱਚੀ ਕੌਮ ਨੇ ਇਸ ਪਾਵਨ ਮੰਦਰ ਨੂੰ ਬੇਗਮਪੁਰਾ ਸਾਹਿਬ ਦਾ ਨਾਮ ਦਿੱਤਾ ਹੈ। ਸਾਨੂੰ ਸਾਰਿਆਂ ਨੂੰ ਹੁਣ ਇਸ ਪਾਵਨ ਅਸਥਾਨ ਨੂੰ ਬੇਗਮਪੁਰਾ ਸਾਹਿਬ ਨਾਮ ਨਾਲ ਸੰਬੋਧਨ ਕਰਨਾ ਚਾਹੀਦਾ ਹੈ।

3. ਗੁਰੂ ਜੀ ਦੇ ਮਾਤਾ-ਪਿਤਾ : ਗੁਰੂ ਸਾਹਿਬ ਦੇ ਮਾਤਾ-ਪਿਤਾ ਦੇ ਨਾਂਅ ਬਾਰੇ ਵੀ ਬਹੁਤ ਸਾਰੇ ਲੇਖਕਾਂ ਵਿਚ ਮੱਤਭੇਦ ਹਨ ਪਰ ਲੋਕ-ਕਥਾਵਾਂ, ਸੰਤ ਸਮਾਜ ਅਤੇ ਡੇਰਾ ਸੱਚਖੰਡ ਬੱਲਾਂ ਵਲੋਂ ਗੁਰੂ ਸਾਹਿਬ ਦੇ ਪਿਤਾ ਦਾ ਨਾਂਅ ਸਤਿਕਾਰਯੋਗ ਸੰਤੋਖ ਦਾਸ ਤੇ ਮਾਤਾ ਦਾ ਨਾਂਅ ਆਦਰਯੋਗ ਕਲਸਾਂ ਦੇਵੀ ਜੀ ਮੰਨਣ ਦਾ ਹੁਕਮ ਹੈ।

4. ਗੁਰੂ ਰਵਿਦਾਸ ਜੀ ਦੇ ਗੁਰੂ—ਮਨੂੰਵਾਦੀ ਅਤੇ ਪੁਰਾਤਨ ਲੇਖਕਾਂ ਅਨੁਸਾਰ ਗੁਰੂ ਸਾਹਿਬ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ ਪ੍ਰੰਤੂ ਹੁਣ ਪ੍ਰੋ. ਲਾਲ ਸਿੰਘ ਅਤੇ ਹੋਰ ਲੇਖਕਾਂ ਦੀ ਨਵੀਨ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਸਨ, ਨਾ ਕਿ ਸਵਾਮੀ ਰਾਮਾਨੰਦ ਜੀ। ਹੋਰ ਲੇਖਕਾਂ ਨੂੰ ਵੀ ਹੁਣ ਚਾਹੀਦਾ ਹੈ ਕਿ ਆਪਣੀਆਂ ਅਗਲੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਹੀ ਲਿਖਣ।

5. ਗੁਰੂ ਜੀ ਦੀ ਬਾਣੀ—ਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਮਨੁੱਖਤਾ ਦੇ ਕਲਿਆਣ ਲਈ ਬਹੁਤ ਸਾਰੀਆਂ ਪੈਦਲ ਯਾਤਰਾਵਾਂ ਵੀ ਕੀਤੀਆਂ। ਇਨ੍ਹਾਂ ਵਿਚ ਗੁਰੂ ਜੀ ਨੇ ਬਨਾਰਸ ਦੇ ਕਈ ਸ਼ਹਿਰਾਂ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਉੜੀਸਾ, ਹੈਦਰਾਬਾਦ, ਕਰਨਾਟਕ, ਬਿਹਾਰ, ਪਾਕਿਸਤਾਨ, ਅਫ਼ਗਾਨਿਸਤਾਨ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਕਈ ਸ਼ਹਿਰਾਂ ਦੀ ਪੈਦਲ ਯਾਤਰਾ ਕੀਤੀ। ਪੰਜਾਬ ਵਿਚ ਗੁਰੂ ਸਾਹਿਬ ਨੇ ਖੁਰਾਲਗੜ੍ਹ, ਲੁਧਿਆਣਾ, ਫਗਵਾੜਾ, ਸੁਲਤਾਨਪੁਰ ਲੋਧੀ (ਗੁਰਦੁਆਰਾ ਗੁਰੂ ਕਾ ਬਾਗ), ਅੰਮ੍ਰਿਤਸਰ (ਕੋਠਾ ਸਾਹਿਬ) ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਦੇ ਦੌਰਾਨ ਗੁਰੂ ਸਾਹਿਬ ਆਪਣੀ ਬਾਣੀ ਸੁਣਾਇਆ ਕਰਦੇ ਤੇ ਵਿਚਾਰ ਗੋਸ਼ਟੀਆਂ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਦੇ ਚਾਲੀ ਸ਼ਬਦ ਤੇ ਇਕ ਸਲੋਕ ਸੁਭਾਇਮਾਨ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਜੀ ਦੀ ਹੋਰ ਵੀ ਬਹੁਤ ਸਾਰੀ ਬਾਣੀ ਹੈ ਪਰ ਉਸ ਸੰਬੰਧੀ ਵਿਦਵਾਨਾਂ ਵਿਚ ਅਜੇ ਮੱਤਭੇਦ ਹਨ। ਕੌਮ ਨੂੰ ਚਾਹੀਦਾ ਹੈ ਕਿ ਇਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਅਗਵਾਈ ਲੈਂਦਿਆਂ ਬਾਹਰਲੀ ਬਾਣੀ ਦਾ ਵਿਸ਼ਲੇਸ਼ਣ ਕਰ ਕੇ ਜੋ ਬਾਣੀ ਗੁਰੂ ਸਾਹਿਬ ਦੀ ਉਚਾਰੀ ਹੋਵੇ ਉਸ ਨੂੰ ਅਪਣਾ ਕੇ ਸਾਰੀ ਕੌਮ ਨੂੰ ਮੰਨਣ ਲਈ ਆਖਣਾ ਚਾਹੀਦਾ ਹੈ। ਸੋ ਕੌਮ ਦੇ ਦਰਦੀਆਂ ਨੂੰ ਚਾਹੀਦਾ ਹੈ ਕਿ ਉਹ ਅੱਗੇ ਆ ਕੇ ਇਸ ਸ਼ੁਭ ਕੰਮ ਦੀ ਸ਼ੁਰੂਆਤ ਕਰਨ।

* * *

# ਨਗਰ ਕੀਰਤਨ ਯਾਤਰਾ ਦਾ ਸੰਦੇਸ਼

—ਰਾਮਧਨ ਨਾਂਗਲੂ, ਭੋਗਪੁਰ, ਜਲੰਧਰ।

ਨਗਰ ਕੀਰਤਨ ਯਾਤਰਾਵਾਂ ਦਾ ਕੀ ਸੰਦੇਸ਼ ਹੈ, ਉਦੇਸ਼ ਹੈ, ਮੰਤਵ ਹੈ ਅਤੇ ਕੀ ਲਾਭ ਹੈ? ਜੇ ਸੰਖੇਪ ਵਿਚ ਇਸ ਦੀ ਭੂਮਿਕਾ ਦੱਸਣੀ ਹੋਵੇ ਤਾਂ ਬਿਨਾਂ ਸ਼ਕ ਕਿਹਾ ਜਾ ਸਕਦਾ ਹੈ, "ਆਪਾ ਪ੍ਰਗਟਾਵਾ।"

"ਆਪਾ ਪ੍ਰਗਟਾਵਾ" ਆਪਣੇ ਆਪ ਵਿਚ ਬੜੀ ਮਹੱਤਤਾ ਰੱਖਦਾ ਹੈ। ਇਸੇ ਆਪਾ ਪ੍ਰਗਟਾਵੇ ਵਿਚ ਹੀ ਸੰਦੇਸ਼, ਉਦੇਸ਼, ਮੰਤਵ ਤੇ ਲਾਭ ਸਮੋਇਆ ਹੋਇਆ ਹੈ।

**ਉਦੇਸ਼**—ਨਗਰ ਕੀਰਤਨ ਯਾਤਰਾਵਾਂ ਦਾ ਉਦੇਸ਼ ਹੈ ਆਪਣੀ ਹੋਂਦ ਦਾ ਦੂਜਿਆਂ ਨੂੰ ਅਹਿਸਾਸ ਕਰਾਉਣਾ। ਪੁਰਾਣੀ ਕਹਾਵਤ ਬਣੀ ਹੋਈ ਹੈ, "ਜਦ ਤੱਕ ਬੱਚਾ ਰੋਂਦਾ ਨਹੀਂ—ਮਾਂ ਦੁੱਧ ਨਹੀਂ ਪਿਆਉਂਦੀ।" ਇਹ ਬੱਚੇ ਦਾ ਰੋਣਾ ਆਪਣੀ ਹੋਂਦ ਦਾ ਪ੍ਰਗਟਾਵਾ ਹੈ ਤੇ ਨਾਲ ਹੀ ਕੁਝ ਪ੍ਰਾਪਤ ਕਰਨ ਦੀ ਜਦੋ-ਜਹਿਦ ਵੀ। ਬੱਚੇ ਦੇ ਰੋਣ 'ਤੇ ਮਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਬੱਚਾ ਭੁੱਖਾ ਹੈ। ਬੱਚੇ ਨੂੰ ਉਸ ਦਾ ਹੱਕ, "ਮਾਂ ਦਾ ਦੁੱਧ" ਪ੍ਰਾਪਤ ਹੋ ਜਾਂਦਾ ਹੈ। ਠੀਕ ਇਸੇ ਤਰ੍ਹਾਂ ਨਗਰ ਕੀਰਤਨ ਦੂਜਿਆਂ ਨੂੰ ਆਪਣੇ ਵੱਲ ਧਿਆਨ ਖਿੱਚਣ ਲਈ ਪ੍ਰੇਰਿਤ ਕਰਦਾ ਹੈ। ਤੁਹਾਡੀ ਕਿੰਨੀ ਵੀ ਯੋਗਤਾ ਕਿਉਂ ਨਾ ਹੋਵੇ ਜਦ ਤੱਕ ਤੁਸੀਂ ਆਪਣੀ ਯੋਗਤਾ ਦਾ ਪ੍ਰਗਟਾਵਾ ਨਹੀਂ ਕਰਦੇ ਤੁਹਾਡੀ ਮਹਾਨਤਾ ਨਹੀਂ ਬਣਦੀ। ਇਹੋ ਸਿਧਾਂਤ ਕਿਸੇ ਫਿਰਕੇ, ਧਰਮ, ਜਾਤਿ 'ਤੇ ਵੀ ਢੁਕਦਾ ਹੈ।

ਕਈ ਧਰਮ-ਜਾਤੀਆਂ ਸੰਖਿਆ ਵਿਚ ਘੱਟ ਹਨ। ਉਹਨਾਂ ਆਪਾ ਪ੍ਰਗਟਾਇਆ ਤੇ ਸਮਾਜ, ਦੇਸ਼ ਤੇ ਵਿਦੇਸ਼ਾਂ ਵਿਚ ਆਪਣੀ ਦਿਖ ਬਣਾਈ। ਆਪਣੇ ਚੁਫੇਰੇ ਨਿਗਾਹ ਮਾਰਨ 'ਤੇ ਇਸ ਦੀਆਂ ਉਦਾਹਰਣਾਂ ਸਹਿਜੇ ਹੀ ਦੇਖੀਆਂ ਜਾ ਸਕਦੀਆਂ ਹਨ। ਅਸੀਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਲੇਵਾ ਸੰਖਿਆ ਪੱਖੋਂ ਬਹੁਤਾਤ ਵਿਚ ਹੋਣ 'ਤੇ ਵੀ ਆਪਣੀ ਦਿਖ ਸਮਾਜ ਵਿਚ ਹਾਲੇ ਉਜਾਗਰ ਨਹੀਂ ਕਰ ਸਕੇ। ਵਿਦੇਸ਼ ਦੀ ਤਾਂ ਗੱਲ ਹੀ ਛੱਡੋ ਦੇਸ਼ ਅੰਦਰ ਹੀ ਸਾਡੀ ਦਿਖ ਨਾਂਹ ਮਾਤਰ ਹੀ ਹੈ। ਇਸੇ ਕਰਕੇ ਅਸੀਂ ਪਛੜੇ ਹੋਏ ਹਾਂ। ਸਾਡਾ ਪਛੜਾਪਨ ਸਾਨੂੰ ਨਿਰਧਨਤਾ ਵਰਗੀ ਲਾਹਨਤ ਦਿੰਦਾ ਹੈ। ਸਾਡਾ ਪਛੜਾਪਨ ਸਾਡੀ ਸੰਗਠਨਤਾ ਵਿਚ ਵੱਡੀ ਰੋਕ ਪੈਦਾ ਕਰਦਾ ਹੈ। ਸਾਡਾ ਪਛੜਾਪਨ ਸਾਨੂੰ ਸਨਮਾਨ ਪ੍ਰਾਪਤ ਕਰਨ ਵਿਚ ਰੋੜਾ ਹੈ। ਸਾਡਾ ਪਛੜਾਪਨ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਵਿਚ ਸਭ ਤੋਂ ਵੱਡਾ ਸਰਾਪ ਹੈ।

ਇਸ ਨਗਰ ਕੀਰਤਨ ਯਾਤਰਾਵਾਂ ਦੇ ਮਾਧਿਅਮ ਦੁਆਰਾ ਆਪਣਾ ਪ੍ਰਗਟਾਵਾ ਕਰਕੇ ਸਾਡਾ ਮੰਤਵ ਸਵੈ-ਮਾਣ ਪ੍ਰਾਪਤ ਕਰਨ ਦਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨਤਾ ਨੂੰ ਸਨਮੁਖ ਰੱਖ ਕੇ ਸਾਨੂੰ ਵੱਧ ਤੋਂ ਵੱਧ ਤੇ ਵੱਡੀਆਂ ਤੋਂ ਵੱਡੀਆਂ ਨਗਰ ਕੀਰਤਨ ਯਾਤਰਾਵਾਂ ਦਾ ਪ੍ਰਯੋਜਨ ਕਰਨਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਮਹਾਨ ਰਹਿਬਰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਇਨ੍ਹਾਂ ਪਵਿੱਤਰ ਬਚਨਾਂ, "**ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ ॥**" ਨੂੰ ਹਿਰਦੇ ਵਿਚ ਧਾਰ ਕੇ ਅੱਗੇ ਵਧਣ ਦਾ ਹੰਭਲਾ ਮਾਰੀਏ ਤਾਂ ਭਵਿੱਖ ਨੂੰ ਅਸੀਂ ਆਪਣੀ ਮੁੱਠੀ ਵਿਚ ਬੰਦ ਕਰ ਸਕਦੇ ਹਾਂ।

ਆਪਾ ਪ੍ਰਗਟਾਵੇ ਦੇ ਭਾਵੇਂ ਅਨੇਕਾਂ ਢੰਗ ਹਨ ਜਿਵੇਂ ਗੁਰਪੁਰਬ ਮਨਾਉਣੇ, ਮੇਲੇ ਲਾਉਣੇ,

ਕੀਰਤਨ ਦਰਬਾਰ ਕਰਾਉਣੇ, ਕਵੀ ਦਰਬਾਰ ਕਰਾਉਣੇ, ਸਾਹਿਤ ਸਿਰਜਣਾ, ਆਪਣੇ ਗੁਰੂ ਜੀ ਦੀ ਬਾਣੀ ਦਾ ਪ੍ਰਚਾਰ-ਪ੍ਰਸਾਰ ਕਰਨਾ ਆਦਿ। ਪਰ ਕੀਰਤਨ ਯਾਤਰਾਵਾਂ ਦੀ ਆਪਣੀ ਹੀ ਮਹਾਨਤਾ ਹੈ।

ਇਹਨਾਂ ਨਗਰ ਕੀਰਤਨ ਯਾਤਰਾਵਾਂ ਦਾ ਸਾਨੂੰ ਬਹੁਤ ਲਾਭ ਹੁੰਦਾ ਹੈ। ਏਸੇ ਨਾਲ ਸਮਾਜ ਵਿਚ ਸਾਡਾ ਮਾਣ-ਸਨਮਾਨ ਬਣੇਗਾ। ਅਸੀਂ ਸੰਗਠਤ ਹੋਵਾਂਗੇ, ਵਿਦਵਾਨ ਬਣਾਂਗੇ। ਮਾਇਆ ਪੱਖੋਂ ਖੁਸ਼ਹਾਲ ਹੋਵਾਂਗੇ। ਪਰ ਸਾਨੂੰ ਲੋੜ ਹੈ ਬਾਕੀਆਂ ਨਾਲੋਂ ਵੱਧ "ਆਪਾ ਪਛਾਣਨ" ਦੀ। ਏਸੇ ਵਿਚ ਸਾਡਾ ਭਲਾ ਜੁੜਿਆ ਹੋਇਆ ਹੈ। ਇਸ ਪ੍ਰਥਾਏ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਪਾਵਨ ਬਚਨ ਸਾਡਾ ਮਾਰਗ-ਦਰਸ਼ਨ ਕਰਦਾ ਹੈ :

"ਰਵਿਦਾਸ ਤੂੰ ਕਾਂਵਚ ਫਲੀ ਤੁਝੇ ਨਾ ਛੀਵੇ ਕੋਯ।
ਤੈਂ ਨਿਜ ਨਾਮ ਨਾ ਜਾਨਿਯਾਂ ਭਲਾ ਕਹਾਂ ਤੇ ਹੋਯ॥"

ਸ੍ਰੀ ਗੁਰੂ ਰਵਿਦਾਸ ਜੀ ਦੀ ਨਾਮ ਲੇਵਾ ਸੰਗਤ ਨੂੰ ਨਗਰ ਕੀਰਤਨ ਯਾਤਰਾਵਾਂ ਰਾਹੀਂ "ਆਪਾ ਪਛਾਣਨ" ਦੀ ਜਾਚ ਆਉਣੀ ਚਾਹੀਦੀ ਹੈ। ਜੋ ਸਫ਼ਲਤਾ ਦੀ ਕੁੰਜੀ ਹੈ। ਅੱਜ ਦਾ ਸਮਾਜ ਸਾਹਸੀਆਂ ਅੱਗੇ ਝੁਕਦਾ ਹੈ ਤੇ ਬਲ-ਹੀਣਾਂ ਨੂੰ ਫਿਟਕਾਰਦਾ ਹੈ। ਇਸ ਪ੍ਰਤੀ ਸਿਆਣੇ ਆਖਦੇ ਹਨ, "ਦੁਨੀਆਂ ਮੰਨਦੀ ਜ਼ੋਰਾਂ ਨੂੰ—ਲੱਖ ਲਾਹਨਤ ਹੈ ਕਮਜ਼ੋਰਾਂ ਨੂੰ।"

"ਜਿਸ ਆਪਣਾ ਪਛਾਣਿਆ—ਉਸ ਰੱਬ ਨੂੰ ਜਾਣਿਆ।"

* * *

# ਬੇਗਮਪੁਰਾ ਸਹਰ ਕੋ ਨਾਉ

*—ਬਖਸ਼ੀ ਰਾਮ, ਪਿੰਡ ਦਰਾਵਾਂ, ਜਲੰਧਰ।*

'ਬੇਗਮਪੁਰਾ ਸਹਰ ਕੋ ਨਾਉ' ਸ਼ਬਦ ਸ੍ਰੀ ਗੁਰੂ ਰਵਿਦਾਸ ਜੀ ਦੇ ਮੁਖਾਰਬਿੰਦ ਵਿਚੋਂ ਉਚਾਰਿਆ ਗਿਆ ਸ਼ਬਦ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਸ ਸ਼ਬਦ ਵਿਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਰੂਹਾਨੀ ਮੰਜ਼ਲ ਤਹਿ ਕਰਨ ਲਈ ਇਹੋ ਜਿਹੇ ਸਥਾਨ ਦੀ ਪ੍ਰੋੜ੍ਹਤਾ ਕੀਤੀ ਹੈ ਜਿਥੇ ਕੋਈ ਗਮ ਨਾ ਹੋਵੇ, ਕੋਈ ਤੇਰ-ਮੇਰ ਨਾ ਹੋਵੇ ਅਤੇ ਸਾਰਿਆਂ ਨੂੰ ਸਮਾਨ ਸਮਝਿਆ ਜਾਵੇ।

ਰੂਹਾਨੀਅਤ ਮਾਰਗ ਦੇ ਨਾਲ-ਨਾਲ ਜੇਕਰ ਅਸੀਂ ਸ਼ਮਾਜਿਕ ਜੀਵਨ 'ਤੇ ਝਾਤ ਮਾਰੀਏ ਤਾਂ ਮੰਨੁੱਖ ਨੂੰ ਤਰੱਕੀ ਕਰਨ ਲਈ ਊਚ-ਨੀਚ ਤੇ ਵਖਰੇਵਿਆਂ ਵਾਲਾ ਰਸਤਾ ਤਿਆਗ ਕੇ, ਸਮਾਨਤਾ, ਭਾਈਚਾਰੇ ਦਾ ਰਸਤਾ ਅਖਤਿਆਰ ਕਰਨਾ ਪਵੇਗਾ। ਸਮਾਜ ਵਿਚ ਵੱਸ ਰਹੇ ਲੋਕਾਂ ਵਿਚ ਪਿਆਰ ਹੋਵੇ, ਭਉ-ਰਹਿਤ ਸਮਾਜ ਹੋਵੇ, ਸਫ਼ਲ ਹੋਣ ਲਈ ਬਰਾਬਰ ਮੌਕੇ ਦਿੱਤੇ ਜਾਣ ਅਤੇ ਸਭ ਤਰੱਕੀ ਕਰਨ।

ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਤਕਰੀਬਨ ਸੱਠ ਸਾਲ ਹੋ ਗਏ ਪਰ ਅੱਜ ਵੀ ਇਨਸਾਨ ਰੋਟੀ ਰੋਜ਼ੀ ਲਈ ਵਿਲਕ ਰਿਹਾ ਹੈ। ਸਮਾਜ ਵਿਚ ਦਿਨ ਪ੍ਰਤੀ ਦਿਨ ਨਿਘਾਰ ਆ ਰਿਹਾ ਹੈ। ਪੜ੍ਹਿਆਂ-ਲਿਖਿਆਂ ਨੂੰ ਨੌਕਰੀ ਨਹੀਂ ਮਿਲ ਰਹੀ, ਸਮਾਜ ਵਿਚ ਊਚ-ਨੀਚ ਦਾ ਬੋਲ-ਬਾਲਾ ਹੈ, ਸਾਂਝੀਵਾਲਤਾ ਖ਼ਤਮ ਹੋ ਰਹੀ ਹੈ। ਇਸ ਸਾਰੇ ਵਰਤਾਰੇ ਲਈ ਸਾਡੇ ਦੇਸ਼ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਸਰਕਾਰਾਂ ਦੀਆਂ ਨੀਤੀਆਂ ਨੇ ਕੁਝ ਅਮੀਰ ਵਰਗਾਂ ਨੂੰ ਤਾਂ ਹੋਰ

ਅਮੀਰ ਬਣਾ ਦਿੱਤਾ ਹੈ ਪਰ ਗਰੀਬ ਉਥੇ ਦਾ ਉਥੇ ਹੈ। ਰਜਵਾੜੇ ਲੋਕ ਗਰੀਬਾਂ 'ਤੇ ਜ਼ੁਲਮ ਢਾਹ ਰਹੇ ਹਨ ਅਤੇ ਉਹ ਗਰੀਬਾਂ ਦਾ ਹੱਕ ਮਾਰ-ਮਾਰ ਖਾ ਰਹੇ ਹਨ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਬਹੁਤ ਹੀ ਸੁੰਦਰ ਬਿਆਨ ਕੀਤਾ ਹੈ ਕਿ ਅਮੀਰ ਲੋਕ ਟੈਕਸ ਦਿੰਦੇ ਹਨ ਪਰ ਇਨ੍ਹਾਂ ਟੈਕਸਾਂ ਦਾ ਭਾਰ ਗਰੀਬ ਲੋਕ ਸਹਾਰਦੇ ਹਨ।

ਸੋ ਆਓ ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ 'ਤੇ ਇਹ ਦ੍ਰਿੜ ਸੰਕਲਪ ਕਰੀਏ ਕਿ ਜੋ ਸ਼ਬਦ ਸਾਡੇ ਰਹਿਬਰ ਅੱਜ ਤੋਂ 600 ਸਾਲ ਤੋਂ ਵੱਧ ਸਮਾਂ ਪਹਿਲਾਂ ਉਚਾਰ ਗਏ ਹਨ, ਨੂੰ ਅਮਲੀ ਰੂਪ ਦੇਣ ਲਈ ਸਮੇਂ-ਸਮੇਂ 'ਤੇ ਬਣ ਰਹੀਆਂ ਸਰਕਾਰਾਂ 'ਤੇ ਦਬਾਅ ਪਾਈਏ ਕਿ ਉਹ ਇਹੋ ਜਿਹੀਆਂ ਨੀਤੀਆਂ ਘੜਨ ਜਿਸ ਨਾਲ ਸਾਰਾ ਸਮਾਜ ਇਕਮਿਕ ਹੋ ਕੇ ਤਰੱਕੀ ਦਾ ਰਸਤਾ ਫੜ ਸਕੇ। ਜਦੋਂ ਤੱਕ ਗਰੀਬ ਤੇ ਆਰਥਕ ਪੱਖੋਂ ਪਛੜ ਰਹੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਅਤੇ ਆਰਥਕ ਢਾਂਚੇ ਵਿਚੋਂ ਉਨ੍ਹਾਂ ਦਾ ਬਣਦਾਂ ਹੱਕ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਸਮਾਜ ਕਦੇ ਚਿੱਤ ਤਰੱਕੀ ਨਹੀਂ ਕਰ ਸਕਦਾ।

* * *

# ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਵੇ ?

*—ਚਰਨਜੀਤ ਸਿੰਘ ਬਿਨਪਾਲਕੇ*

ਸ੍ਰੀ ਗੁਰੂ ਰਵਿਦਾਸ ਜੀ ਪੁਰਾਤਨ ਕਰਮਕਾਂਡੀ ਵਿਚਾਰਧਾਰਾ ਨੂੰ ਰੱਦ ਕਰਦਿਆਂ ਆਪਣੀ ਨਵੀਂ ਅਤੇ ਵਿਸ਼ਵ ਵਿਆਪੀ ਵਿਚਾਰਧਾਰਾ ਦਿੰਦੇ ਹੋਏ ਫੁਰਮਾਨ ਕਰਦੇ ਹਨ "ਏਕ ਹੀ ਏਕ ਅਨੇਕ ਹੋਇ ਬਸਥਰਿਓ, ਆਨ ਰੇ ਆਨ ਭਰਪੂਰਿ ਸੋਊ॥' ਕਿ ਪ੍ਰਮਾਤਮਾ ਕੇਵਲ ਇਕ ਹੈ (ਉਹ ਹੀ ਜੀਵਾਂ ਨੂੰ ਪੈਦਾ ਕਰਦਾ, ਪਾਲਦਾ ਤੇ ਖ਼ਤਮ ਕਰਦਾ ਹੈ) ਅਤੇ ਉਹ ਅਨੇਕਾਂ ਰੂਪ ਧਾਰ ਕੇ ਇਸ ਦੁਨੀਆਂ ਦੇ ਕਣ-ਕਣ ਵਿਚ ਵਿਚਰ ਰਿਹਾ ਹੈ। ਗੁਰੂ ਜੀ ਨੇ ਪ੍ਰਮਾਤਮਾ ਨੂੰ ਪਾਉਣ ਦਾ ਢੰਗ ਰਾਗ ਗਉੜੀ ਬੈਰਾਗਣਿ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 346 ਦੇ ਇਸ ਸ਼ਬਦ ਵਿਚ ਵਿਅਕਤ ਕੀਤਾ ਹੈ। ਲੇਕਿਨ ਇਸ ਤੋਂ ਪਹਿਲਾਂ ਗੁਰੂ ਜੀ ਪੁਰਾਤਨ ਯੁਗਾਂ ਦੀ ਚਲੀ ਆਉਂਦੀ ਪ੍ਰਭੂ ਪ੍ਰਾਪਤੀ ਵਿਧੀ ਦੀ ਪੜਚੋਲ ਕਰਦੇ ਹਨ :

**ਸਤਜੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾਚਾਰ.॥**
**ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ॥**

ਕਿ ਸਤਿਯੁਗ ਵਿਚ ਪ੍ਰਮਾਤਮਾ ਨੂੰ ਪਾਉਣ ਦਾ ਢੰਗ ਹੈ ਦਾਨ ਕਰਨਾ, ਤ੍ਰੇਤੇ ਵਿਚ ਯੱਗ ਕਰਨੇ, ਦੁਆਪਰ ਵਿਚ ਦੇਵਤਿਆਂ ਦੀ ਪੂਜਾ ਅਤੇ ਕਲਯੁਗ ਵਿਚ ਕੇਵਲ ਪ੍ਰਭੂ ਦੇ ਨਾਮ ਦੀ ਆਰਾਧਨਾ। ਪ੍ਰੰਤੂ ਅਗਲੇ ਬੰਦ ਵਿਚ ਗੁਰੂ ਜੀ ਫੁਰਮਾਉਂਦੇ ਹਨ

**"ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ॥**

ਭਾਈ ਪਾਰ (ਮੁਕਤ) ਕਿਸ ਤਰ੍ਹਾਂ ਹੋਵੋਗੇ ? ਇਹਨਾਂ ਕਰਮ-ਕਾਂਡਾਂ ਨਾਲ ਤਾਂ ਤੁਸੀਂ ਪਾਰ ਹੋ ਹੀ ਨਹੀਂ ਸਕਦੇ। ਮੈਨੂੰ ਕੋਈ ਇਹ ਗੱਲ ਸਮਝਾ ਕੇ ਸਪੱਸ਼ਟ ਨਹੀਂ ਕਰ ਰਿਹਾ ਕਿ ਆਉਣ-ਜਾਣ ਦੇ ਚੱਕਰ 'ਚੋਂ ਕਿਸ ਤਰ੍ਹਾਂ ਮੁਕਤ ਹੋਇਆ ਜਾਏ ਕਿਉਂਕਿ ਇਹਨਾਂ ਕਰਮ-ਕਾਂਡਾਂ ਨਾਲ

ਤਾਂ ਮੁਕਤੀ ਮਿਲ ਹੀ ਨਹੀਂ ਸਕਦੀ। ਜੇਕਰ ਇਸ ਤਰ੍ਹਾਂ ਪ੍ਰਮਾਤਮਾ ਨੇ ਨਹੀਂ ਮਿਲਣਾ ਤਾਂ ਫਿਰ ਕਿਵੇਂ ਮਿਲਣਾ ਹੈ? ਇਸ ਬਾਬਤ ਗੁਰੂ ਜੀ ਹੁਣ ਆਪਣਾ ਨਵਾਂ ਨਰੋਆ ਮੱਤ ਪੇਸ਼ ਕਰਦੇ ਹਨ :

**ਪਰਮ ਪਰਸ ਗੁਰ ਭੇਟੀਐ ਪੂਰਬ ਲਿਖਤ ਲਿਲਾਟ ॥**
**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥**

ਗੁਰੂ ਜੀ ਫੁਰਮਾਉਂਦੇ ਹਨ ਕਿ ਪੂਰਬਲੇ ਚੰਗੇ ਕਰਮਾਂ ਨਾਲ ਜੇਕਰ ਪਾਰਸਾਂ ਦਾ ਪਾਰਸ ਗੁਰੂ (ਭਾਵ ਬ੍ਰਹਮ ਗੁਰੂ) ਮਿਲ ਜਾਵੇ [ਦੇਖੋ! ਗੁਰੂ ਜੀ ਕਿੰਨਾ ਸੁੰਦਰ ਵਿਚਾਰ ਦਿੰਦੇ ਹਨ ਕਿ ਇਕ ਪਾਰਸ (ਸੋਨਾ ਬਣਾਉਣ ਵਾਲਾ ਪੱਥਰ) ਤਾਂ ਕਿਸੇ ਧਾਤ ਨੂੰ ਸਿਰਫ਼ ਸੋਨਾ ਹੀ ਬਣਾਉਂਦਾ ਹੈ ਪ੍ਰੰਤੂ ਜਿਹੜਾ ਪਾਰਸਾਂ ਦੇ ਪਾਰਸ ਗੁਰੂ (ਬ੍ਰਹਮ ਗੁਰੂ) ਨੂੰ ਪਾ ਲਵੇ ਤਾਂ ਗੁਰੂ ਉਸ ਨੂੰ ਕੇਵਲ ਮੁਕਤ ਹੀ ਨਹੀਂ ਕਰਦਾ ਸਗੋਂ ਆਪਣੇ ਵਰਗਾ (ਪਾਰਸ) ਹੀ ਬਣਾ ਲੈਂਦਾ ਹੈ] ਤਾਂ ਮਨੁੱਖ ਦਾ ਮਨ ਵਿਕਾਰਾਂ ਤੋਂ ਮੁਕਤ ਹੋ ਕੇ ਮੁੜ ਅੰਦਰਲੇ ਮਨ ਨਾਲ ਆ ਜੁੜਦਾ ਹੈ ਤੇ ਮਨ ਦੇ ਕਿਵਾੜ ਖੁਲ੍ਹ ਜਾਂਦੇ ਹਨ।

ਇਸ ਸ਼ਬਦ ਦੇ ਅੰਤ ਵਿਚ ਆਇਆ ਹੈ ਕਿ "ਪੂਰਬ ਲਿਖਤ ਲਿਲਾਟ" ਕਿ ਪੂਰਬਲੇ ਚੰਗੇ ਕਰਮਾਂ ਨਾਲ ਬ੍ਰਹਮ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਇਹ ਪੂਰਬਲੇ ਕਰਮ ਕਿਹੜੇ ਹਨ? ਪੁਸਤਕ "ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ" ਦੇ ਪੰਨਾ 123 'ਤੇ ਬਹੁਤ ਸੁੰਦਰ ਵਰਨਣ ਹੈ ਕਿ ਪਰਮ ਪਾਰਸ ਗੁਰੂ ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਮਨੁੱਖ ਆਪਣੇ ਇਸੇ ਜਨਮ ਵਿਚ ਗੁਰੂ ਨੂੰ ਮਿਲਣ ਲਈ ਕਿਰਿਆਸ਼ੀਲ ਹੈ ਅਤੇ ਇਸ ਮੰਤਵ ਲਈ ਉਪਰਾਲੇ ਕਰ ਰਿਹਾ ਹੈ। 'ਪੂਰਬ ਲਿਖਤ ਲਿਲਾਟ' ਦਾ ਅਰਥ ਹਰਗਿਜ਼ "ਪਿਛਲੇ ਜਨਮ ਦੇ ਕਰਮਾਂ ਦੀ ਕਿਸਮਤ" ਨਹੀਂ ਹੈ। ਜੇਕਰ ਗੁਰੂ ਦੀ ਪ੍ਰਾਪਤੀ ਪਿਛਲੇ ਜਨਮ ਦੇ ਕਰਮਾਂ 'ਤੇ ਆਧਾਰਤ ਹੈ ਤਾਂ ਮਨੁੱਖ ਲਈ ਪ੍ਰਭੂ ਨੂੰ ਮਿਲਣ ਲਈ ਕੋਸ਼ਿਸ਼ ਕਰਨ ਦਾ ਕੋਈ ਅਰਥ ਨਹੀਂ ਰਹਿੰਦਾ। ਦੂਜੇ ਜੇ ਪਿਛਲੇ ਜਨਮ ਅਨੁਸਾਰ ਮਨੁੱਖ ਨੇ ਕਰਮ ਕਰਨੇ ਹਨ ਤਾਂ ਫਿਰ ਇਕ ਵਾਰ ਕੀਤੇ ਭੈੜੇ ਕਰਮ ਕਦੇ ਵੀ ਧੋਤੇ ਨਹੀਂ ਜਾ ਸਕਣਗੇ, ਕਿਉਂਕਿ ਕਿਸੇ ਵੀ ਜਨਮ ਵਿਚ, ਪੂਰਬਲੇ ਜਨਮ ਦੇ ਕਰਮ ਉਸ ਦਾ ਪਿੱਛਾ ਨਹੀਂ ਛੱਡਣਗੇ। ਫਿਰ ਗੁਰਬਾਣੀ ਜਾਂ ਗੁਰੂ ਦੀ ਕੀ ਲੋੜ ਹੈ, ਜਦ ਚੌਰਾਸੀ ਦਾ ਚੱਕਰ ਮੁੱਕਣਾ ਹੀ ਨਹੀਂ? ਸੋ 'ਪੂਰਬ ਲਿਖਤ ਲਿਲਾਟ' ਦਾ ਅਰਥ ਹੈ—ਇਸੇ ਜਨਮ ਵਿਚ ਜਨਮ ਤੋਂ ਲੈ ਕੇ ਅੱਜ ਤੱਕ ਦੇ ਕੀਤੇ ਕਰਮਾਂ ਕਾਰਨ ਬਣੀ ਕਿਸਮਤ ਹੈ।

ਸੋ ਹੁਣ ਸੁਆਲ ਪੈਦਾ ਹੁੰਦਾ ਹੈ ਕਿ ਪਾਰਸਾਂ ਦਾ ਪਾਰਸ ਗੁਰੂ ਕਿਹੜਾ ਹੈ? ਪਾਰਸਾਂ ਦਾ ਪਾਰਸ ਗੁਰੂ ਹੈ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ। ਤੇ ਇਹ ਗੁਰੂ ਮਿਲੇਗਾ ਕਿਵੇਂ? ਇਹ ਗੁਰੂ ਉਦੋਂ ਮਿਲੇਗਾ ਜਦੋਂ ਅਸੀਂ ਪੂਰਨ ਵਿਸ਼ਵਾਸ ਨਾਲ ਗੁਰੂ ਦੀ ਸ਼ਰਨ ਵਿਚ ਆ ਕੇ ਉਸ ਦੀ ਵਿਚਾਰਧਾਰਾ ਨਾਲ ਓਤਪੋਤ ਹੋ ਕੇ ਜੀਵੀਏ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਹ ਵਿਚਾਰਧਾਰਾ ਹੈ ਜਿਹੜੀ ਕੁਦਰਤ ਦੇ ਨਿਯਮਾਂ ਅਨੁਸਾਰ ਬਣਾਈ ਹੋਈ ਹੈ। ਜਦੋਂ ਮਨੁੱਖ ਇਸ ਵਿਚਾਰਧਾਰਾ ਅਨੁਸਾਰ ਚੱਲਦਾ ਹੈ ਤਾਂ ਇਹ ਉਸ ਦਾ ਜੀਵਨ ਸੰਵਾਰ ਦਿੰਦੀ ਹੈ ਤੇ ਜਦੋਂ ਇਸ ਦੀ ਜੁਗਤੀ ਅਨੁਸਾਰ ਮਨੁੱਖ ਪ੍ਰਭੂ ਨਾਲ ਜੁੜਦਾ ਹੈ ਤੇ ਫਿਰ ਕੀ ਹੁੰਦਾ ਹੈ ਗੁਰੂ ਰਵਿਦਾਸ ਜੀ ਆਪਣੀ

ਉਦਾਹਰਣ ਦਿੰਦੇ ਹੋਏ ਫੁਰਮਾਉਂਦੇ ਹਨ :

ਭੁਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ॥
ਸੋਈ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ॥

ਇਸ ਤਰ੍ਹਾਂ ਬ੍ਰਹਮ ਗੁਰੂ ਦੇ ਬ੍ਰਹਮ-ਗਿਆਨ (ਜੁਗਤਿ) ਨੂੰ ਉਪਾਸਨਾ (ਭਗਤਿ) ਨਾਲ ਦ੍ਰਿੜ ਕਰਕੇ ਭਰਮ, ਸ਼ਾਸਤਰਾਂ ਦੇ ਬੰਧਨ ਅਤੇ ਮਾਇਆ ਦੇ ਵਿਕਾਰ ਸਭ ਨਾਸ਼ ਹੋ ਗਏ ਹਨ ਅਤੇ ਪ੍ਰਭੂ ਦਾ ਅੰਮ੍ਰਿਤਮਈ ਅਨੰਦ ਮਨ ਵਿਚ ਵੱਸ ਗਿਆ ਹੈ। ਹੁਣ ਕੇਵਲ ਇਕੋ ਇਕ ਪ੍ਰਭੂ ਦਾ ਬ੍ਰਹਮ ਗਿਆਨ ਮਨ ਵਿਚ ਰਹਿ ਗਿਆ ਹੈ। (ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ, ਪੰਨਾ 26)

ਸ਼ਬਦ ਦੇ ਅੰਤ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਇਨ੍ਹਾਂ ਕਰਮਕਾਂਡਾਂ ਨਾਲ ਤਾਂ ਪ੍ਰਭੂ ਨੂੰ ਪ੍ਰਾਪਤ ਹੀ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਨਾਲ ਪ੍ਰੇਮ ਭਗਤੀ ਦੀ ਉਤਪਤੀ ਹੁੰਦੀ ਹੈ (ਪ੍ਰੰਤੂ ਸਾਰੇ ਲੋਕ ਇਹ ਕਰਦੇ ਨਜ਼ਰ ਆ ਰਹੇ ਹਨ) ਇਸ ਕਰਕੇ ਮੈਂ ਉਦਾਸ ਹਾਂ।

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥
ਪ੍ਰੇਮ ਭਗਤਿ ਨਹੀ ਉਪਜੈ, ਤਾ ਤੇ ਰਵਿਦਾਸ ਉਦਾਸ॥

* * *

# ਕੀ ਅਸੀਂ ਕਲਯੁਗ ਵਿਚ ਰਹਿ ਰਹੇ ਹਾਂ?

*—ਪਰਮਜੀਤ ਵਿਰਦੀ, ਲੰਮਾ ਪਿੰਡ, ਜਲੰਧਰ*

ਵੇਦਾਂ ਸ਼ਾਸਤਰਾਂ ਅਤੇ ਹੋਰ ਗ੍ਰੰਥਾਂ ਅਨੁਸਾਰ ਚਾਰ ਯੁਗ ਮੰਨੇ ਗਏ ਹਨ। ਹਰ ਇਕ ਯੁਗ ਵਿਚ ਹਰ ਇਕ ਵਰਣ ਲਈ ਅਲੱਗ-ਅਲੱਗ ਧਰਮ ਕਾਂਡ ਨਿਸ਼ਚਿਤ ਕੀਤੇ ਗਏ ਹਨ। ਇਸਦਾ ਪੂਰੇ ਭਾਰਤੀ ਸਮਾਜ ਉੱਪਰ ਪ੍ਰਤੱਖ ਜਾਂ ਅਪ੍ਰਤੱਖ ਅਸਰ ਦੇਖਿਆ ਜਾ ਸਕਦਾ ਹੈ। ਇਸ ਵਿਚ ਬਹੁਤ ਸਾਰੇ ਅਜਿਹੇ ਕਰਮ-ਅਕਰਮ ਸਨ ਜੋ ਸਿਰਫ਼ ਤੇ ਸਿਰਫ਼ ਅਖੌਤੀ ਧਰਮ ਦੇ ਠੇਕੇਦਾਰ ਜਾਂ ਉੱਚ ਵਰਣ ਵਾਲੇ ਹੀ ਕਰ ਸਕਦੇ ਸਨ ਅਤੇ ਦੂਜਿਆਂ ਵਾਸਤੇ ਵਰਜਿਤ ਸਨ। ਯੁਗਾਂ ਦੀ ਗੱਲ ਕਰਦਿਆਂ ਆਓ ਇਸ ਦਾ ਸੰਖੇਪ ਪਰ ਤਰਕ ਪੂਰਨ ਅਧਿਐਨ ਕਰੀਏ।

ਪਹਿਲੇ ਨੰਬਰ 'ਤੇ ਯੁਗ ਹੈ 'ਸਤਿਯੁਗ'। ਇਸ ਯੁਗ ਦੀ ਉਮਰ 17 ਲੱਖ 28 ਹਜ਼ਾਰ ਸਾਲ ਦੱਸੀ ਜਾਂਦੀ ਹੈ। ਇਸ ਯੁਗ ਵਿਚ ਚਾਰ ਅਵਤਾਰ ਹੋਏ ਸਨ। ਇਹ ਦੱਸਿਆ ਗਿਆ ਹੈ ਕਿ ਇਸ ਯੁਗ ਵਿਚ ਕੋਈ ਵੀ ਵਿਅਕਤੀ ਆਪਣੇ ਮੂੰਹੋਂ ਜੋ ਕੁਝ ਵੀ ਬੋਲਦਾ ਸੀ ਉਹ ਸੱਚ ਹੋ ਜਾਂਦਾ ਸੀ ਪਰ ਸਚਾਈ ਇਸ ਦੇ ਉਲਟ ਹੈ। ਕਿਉਂਕਿ ਰਾਜ਼ੇ ਹਰਨਾਕਸ਼ ਨੇ ਕਿਹਾ ਸੀ ਕਿ ਮੈਂ ਹੀ ਸਭ ਕੁਝ ਹਾਂ ਪਰ ਉਹ ਸੱਚ ਨਹੀਂ ਸੀ ਹੋਇਆ।

ਦਾਨ ਦੇਣਾ ਅਤੇ ਦਾਨ ਲੈਣਾ (ਪਸ਼ੂਆਂ ਦੀਆਂ ਬਲੀਆਂ ਵੀ) ਨੂੰ ਸ਼ੁਭ ਮੰਨਿਆ ਜਾਂਦਾ ਸੀ।

ਦੂਸਰੇ ਨੰਬਰ 'ਤੇ ਆਉਂਦਾ ਹੈ ਤ੍ਰੇਤਾ ਯੁਗ। ਇਸ ਦੀ ਉਮਰ 12 ਲੱਖ 96 ਹਜ਼ਾਰ ਸਾਲ ਦੱਸੀ ਗਈ ਹੈ ਤੇ ਇਸ ਵਿਚ ਵੀ ਚਾਰ ਅਵਤਾਰ ਹੋਏ। ਇਸ ਵਿਚ ਪੁੰਨ ਪਾਪ ਨਾਲੋਂ ਤਿੰਨ ਗੁਣਾ ਸੀ। ਸੱਚ ਤੇ ਤਪ ਬਹੁਤ ਘੱਟ ਸੀ ਪ੍ਰੰਤੂ ਇਸ ਦੀ ਦੂਸਰੀ ਤਸਵੀਰ ਵਿਚ ਦਲਿਤ

ਬ੍ਰਹਮ ਮਹਾਂਰਿਸ਼ੀ ਸ਼ੰਬੂਕ ਜੀ ਨੂੰ ਤਪ ਕਰਦਿਆਂ ਕਤਲ ਕਰ ਦਿਤਾ ਸੀ ਕਿਉਂਕਿ ਉਹ ਅਖੌਤੀ ਸ਼ੂਦਰ ਜਾਤ ਵਿਚੋਂ ਸਨ। ਗ੍ਰੰਥਾਂ ਅਨੁਸਾਰ ਰਾਵਣ ਬਹੁਤ ਵਿਦਵਾਨ ਤੇ ਤਪੱਸਵੀ ਸੀ।

ਤੀਸਰੇ ਸਥਾਨ 'ਤੇ ਦੁਆਪਰ ਯੁਗ ਆਉਂਦਾ ਹੈ। ਇਸ ਯੁਗ ਵਿਚ ਦੋ ਅਵਤਾਰ ਹੋਣੇ ਹਨ। ਸੱਚ, ਝੂਠ, ਤਪ ਅਤੇ ਲਾਲਚ ਆਦਿ ਲਗਭਗ ਬਰਾਬਰ ਸਨ। ਇਸ ਦੀ ਉਮਰ 8 ਲੱਖ 64 ਹਜ਼ਾਰ ਸਾਲ ਦੱਸੀ ਗਈ ਹੈ। ਇਸ ਯੁਗ ਵਿਚ ਨਾ-ਬਰਾਬਰੀ, ਨਾ-ਇਨਸਾਫ਼ੀ ਸਿਰਫ ਤੇ ਸਿਰਫ਼ ਸ਼ੂਦਰਾਂ ਨਾਲ ਹੀ ਹੋਈ। ਚਾਹੇ ਉਹ ਬੁੱਧ ਦੇ ਪੈਰੋਕਾਰ ਸਨ ਜਾਂ ਫਿਰ ਸੂਰਬੀਰਾਂ ਦੇ ਸੂਰਬੀਰ ਮਹਾਨ ਜੋਧਾ ਏਕਲਵਯ ਦੇ ਜਿਸ ਦਾ ਸੱਜੇ ਹੱਥ ਦਾ ਅੰਗੂਠਾ ਬ੍ਰਾਹਮਣ ਗੁਰੂ ਪਰੰਪਰਾ ਅਨੁਸਾਰ ਦ੍ਰੋਣਾਚਾਰਯ ਨੇ ਗੁਰੂ ਦਕਸ਼ਣਾ ਦੇ ਤੌਰ 'ਤੇ ਕਟਵਾ ਲਿਆ ਸੀ। ਬੇਸ਼ੱਕ ਉਸਨੇ ਏਕਲਵਯ ਨੂੰ ਨਿਸ਼ਾਦਵੰਸ਼ ਦਾ ਅਛੂਤ ਹੋਣ ਕਰਕੇ ਧਨੁਸ਼ ਵਿੱਦਿਆ ਨਹੀਂ ਸੀ ਸਿਖਾਈ।

ਭਾਰਤੀ ਸਮਾਜ ਦੀ ਮਾਨਸਿਕਤਾ ਅਤੇ ਵੇਦਾਂ ਸ਼ਾਸਤਰਾਂ ਅਨੁਸਾਰ ਅੱਜਕੱਲ੍ਹ ਅਸੀਂ ਕਲਿਜੁਗ ਵਿਚ ਰਹਿ ਰਹੇ ਹਾਂ। ਇਸ ਯੁਗ ਦੀ ਉਮਰ 4 ਲੱਖ 32 ਹਜ਼ਾਰ ਸਾਲ ਦੱਸੀ ਗਈ ਹੈ। ਕਲਯੁਗ ਨੂੰ ਦੂਸਰੇ ਯੁਗਾਂ ਨਾਲੋਂ ਘਟੀਆ ਮੰਨਿਆ ਜਾਂਦਾ ਹੈ ਪ੍ਰੰਤੂ ਇਸ ਯੁਗ ਵਿਚ ਸਤਿਗੁਰੂ ਫਰੀਦ ਜੀ, ਸਤਿਗੁਰ ਨਾਮਦੇਵ ਜੀ, ਸਤਿਗੁਰ ਸਧਨਾ ਜੀ, ਸਤਿਗੁਰ ਕਬੀਰ ਜੀ, ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਰਹਿਬਰਾਂ ਨੇ ਅਵਤਾਰ ਧਾਰਿਆ। ਇਹਨਾਂ ਰਹਿਬਰਾਂ ਨੇ ਸਾਂਝੀਵਾਲਤਾ ਅਤੇ ਕੇਵਲ ਇਕ ਪਾਰਬ੍ਰਹਮ ਪ੍ਰਮਾਤਮਾ ਦੀ ਪ੍ਰਾਪਤੀ ਲਈ ਦਿਸ਼ਾ-ਨਿਰਦੇਸ਼ ਦਿੱਤੇ। ਗੁਰੂ ਰਵਿਦਾਸ ਜੀ ਨੇ ਸਮੁੱਚੇ ਸੰਸਾਰ ਨੂੰ ਬੇਗਮਪੁਰੇ ਦੇ ਫਲਸਫੇ ਹੇਠ ਇਕੱਤਰ ਹੋਣ ਦਾ ਸੰਦੇਸ਼ ਦਿੱਤਾ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਜਾਤਪਾਤ, ਊਚ ਨੀਚ ਨੂੰ ਜੜ੍ਹੋਂ ਮਿਟਾਉਣ ਦਾ ਉਪਰਾਲਾ ਕੀਤਾ। ਜੋ ਕੁਝ ਇਸ ਯੁਗ ਵਿਚ ਦਲਿਤ ਸਮਾਜ ਵਾਸਤੇ ਹੋਇਆ, ਉਸ ਤਰ੍ਹਾਂ ਦੀ ਮਿਸਾਲ ਹੋਰ ਕਿਸੇ ਯੁਗ ਵਿਚ ਨਹੀਂ ਮਿਲਦੀ। ਡਾ: ਬੀ. ਆਰ. ਅੰਬੇਡਕਰ, ਡਾ: ਕੇ. ਆਰ. ਨਰਾਇਣਨ (ਸਾਬਕਾ ਰਾਸ਼ਟਰਪਤੀ ਭਾਰਤ)। ਮੱਧ ਪ੍ਰਦੇਸ਼, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਝਾਰਖੰਡ, ਮਹਾਂਰਾਸ਼ਟਰ ਆਦਿ ਪ੍ਰਦੇਸ਼ਾਂ ਦੇ ਮੁੱਖ ਮੰਤਰੀ ਤੇ ਹੁਣ ਭਾਰਤੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸ੍ਰੀ ਕੇ. ਜੀ. ਬਾਲਾ ਕ੍ਰਿਸ਼ਨਨ ਆਦਿ ਦੇ ਰੁਤਬੇ ਤੋਂ ਅਸੀਂ ਕੀ ਅੰਦਾਜ਼ਾ ਲਾ ਸਕਦੇ ਹਾਂ।

ਭਾਰਤੀ ਪਾਰਲੀਮੈਂਟ ਵਿਚ ਦਲਿਤ ਮੈਂਬਰਾਂ ਵਿਚੋਂ 33% ਪੋਸਟ ਗਰੈਜੂਏਟ ਹਨ ਜਦਕਿ ਜਨਰਲ ਕੈਟਾਗਰੀ ਦੇ ਮੈਂਬਰ ਸਿਰਫ਼ 29% ਹੀ ਪੋਸਟ ਗਰੈਜੂਏਟ ਹਨ। ਜੇਕਰ ਭਾਰਤ ਸਰਕਾਰ ਸੰਵਿਧਾਨ ਵਿਚ ਦਿੱਤੇ ਹੱਕਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਦੀ ਹੈ ਤਾਂ ਸਾਡੇ ਵਾਸਤੇ ਇਹ ਯੁਗ ਹੀ ਸਭ ਕੁਝ ਹੈ। ਗੁਰੂ ਰਵਿਦਾਸ ਜੀ ਤਾਂ ਯੁਗਾਂ ਦੀ ਵੰਡ ਅਤੇ ਇਨ੍ਹਾਂ ਵਿਚ ਪ੍ਰਭੂ ਪ੍ਰਾਪਤੀ ਦੇ ਵਿਧੀ-ਵਿਧਾਨ ਨੂੰ ਰੱਦ ਕਰਦੇ ਹਨ। ਆਪ ਜੀ ਦਾ ਰਾਗ ਗਉੜੀ ਬੈਰਾਗਣਿ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੪੬ 'ਤੇ ਫ਼ੁਰਮਾਨ ਹੈ :

ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ,. ਕਲਿ ਕੇਵਲ ਨਾਮ ਅਧਾਰ ॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥

ਉਪਰੋਕਤ ਚਰਚਾ ਅਤੇ ਗੁਰਬਾਣੀ ਦੇ ਹੁਕਮ ਤੋਂ ਬਾਅਦ ਹੁਣ ਇਹ ਨਿਰਣਾ ਦਲਿਤ

ਸਮਾਜ ਨੇ ਕਰਨਾ ਹੈ ਕਿ ਅਸੀਂ ਕਲਯੁਗ ਵਿਚ ਰਹਿ ਰਹੇ ਹਾਂ ਕਿ ਨਹੀਂ ਅਤੇ ਅੰਤ ਵਿਚ ਦਲਿਤ ਸਮਾਜ ਨੂੰ ਬੇਨਤੀ ਹੈ ਕਿ ਸਾਰਥਕ, ਵਿਗਿਆਨਕ ਸੋਚ ਹੀ ਸਾਨੂੰ ਅੱਗੇ ਲੈ ਕੇ ਜਾਵੇਗੀ। ਅੱਜ ਜ਼ਰੂਰਤ ਹੈ ਕਿ ਅਸੀਂ ਆਪਣੇ ਮਹਾਂਪੁਰਸ਼ਾਂ ਦੇ ਦੱਸੇ ਹੋਏ ਮਾਰਗ ਉੱਪਰ ਖਰੇ ਉਤਰੀਏ ਅਤੇ ਆਪਣੇ ਹੱਕਾਂ ਦੀ ਪਛਾਣ ਕਰਕੇ ਉਹਨਾਂ ਨੂੰ ਸਾਕਾਰ ਕਰਨ ਲਈ ਸਿਰਤੋੜ ਯਤਨ ਕਰੀਏ।

* * *

# ਗੁਰੂ ਜੀ ਪ੍ਰਤੀ ਸੱਚੀ ਸ਼ਰਧਾ

*—ਅਮਰਜੀਤ ਸਿੰਘ ਬਿੱਲਾ, ਲੰਗੜੋਆ*

ਸਭ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਮਹਾਰਾਜ ਦੇ 630ਵੇਂ ਜਨਮ ਉਤਸਵ ਦੀ ਸਭ ਸੰਗਤਾਂ ਨੂੰ ਕਰੋੜ-ਕਰੋੜ ਵਧਾਈ ਦਿੰਦਾ ਹਾਂ। ਮਨੂੰਵਾਦੀ ਸਿਸਟਮ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਦੀ ਜਾਤ ਚਮਾਰ ਸ਼ੂਦਰ ਵਰਣ ਵਿਚ ਆਉਂਦੀ ਹੈ। ਸ਼ੂਦਰ ਲੋਕਾਂ ਨੂੰ ਰੱਬ ਦਾ ਨਾਮ ਲੈਣ ਦੀ ਮਨਾਹੀ ਸੀ। ਸ਼ੂਦਰ ਲੋਕ ਰੱਬ ਦਾ ਨਾਮ ਸੁਣ ਵੀ ਨਹੀਂ ਸਨ ਸਕਦੇ। ਜੇ ਕਿਸੇ ਸ਼ੂਦਰ ਦੇ ਕੰਨਾਂ ਵਿਚ ਰੱਬ ਦਾ ਨਾਮ ਪੈ ਜਾਂਦਾ ਸੀ ਤਾਂ ਮਨੂੰਵਾਦੀ ਲੋਕ ਉਸਦੇ ਕੰਨ ਵਿਚ ਪਿਘਲਿਆ ਹੋਇਆ ਸ਼ੀਸ਼ਾ ਪਾ ਦਿੰਦੇ ਸਨ। ਜੇ ਕੋਈ ਸ਼ੂਦਰ ਕਿਸੇ ਧਰਮ ਦੇ ਠੇਕੇਦਾਰ ਨਾਲ ਜਵਾਬ-ਤਲਬੀ ਕਰਦਾ ਸੀ ਤਾਂ ਉਸ ਦੀ ਜੀਭ ਵੱਢ ਦਿੱਤੀ ਜਾਂਦੀ ਸੀ। ਗੁਰੂ ਜੀ ਇਹੋ ਜਿਹੇ ਮਾਹੌਲ ਵਿਚ ਇਸ ਧਰਤੀ 'ਤੇ ਪੈਦਾ ਹੋਏ। ਗੁਰੂ ਜੀ ਨੇ ਧਰਮ ਦੇ ਠੇਕੇਦਾਰਾਂ ਨੂੰ ਵੰਗਾਰਿਆ ਤੇ ਕਿਹਾ ਅਸੀਂ ਸਾਰੇ ਰੱਬ ਦੇ ਬੰਦੇ ਹਾਂ। ਜਦ ਰੱਬ ਨੇ ਇਨਸਾਨ ਵਿਚ ਕੋਈ ਫਰਕ ਨਹੀਂ ਕੀਤਾ ਤਾਂ ਮਨੂੰਵਾਦੀ ਲੋਕ ਕੌਣ ਹੁੰਦੇ ਹਨ ਫ਼ਰਕ ਪੈਦਾ ਕਰਨ ਵਾਲੇ? ਉਸ ਸਮੇਂ ਗੁਰੂ ਜੀ ਨੇ ਮਨੂੰਵਾਦੀ ਲੋਕਾਂ ਦੀ ਬਰਾਬਰੀ ਕਰਨ ਲਈ ਧੋਤੀ ਲਾਈ, ਮੱਥੇ ਟਿੱਕਾ ਲਾਇਆ ਤੇ ਗੰਗਾ ਇਸ਼ਨਾਨ ਕਰਕੇ ਮਨੂੰਵਾਦੀ ਲੋਕਾਂ ਨੂੰ ਵੰਗਾਰਿਆ। ਗੁਰੂ ਜੀ ਨੂੰ ਮਨੂੰਵਾਦੀ ਲੋਕਾਂ ਵਲੋਂ ਕਾਫੀ ਤਸੀਹੇ ਦਿੱਤੇ ਗਏ ਪਰ ਗੁਰੂ ਜੀ ਨੇ ਸੱਚੇ ਰੱਬ ਦਾ ਲੜ ਨਹੀਂ ਛੱਡਿਆ ਤੇ ਕਿਹਾ :

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ,**
**ਅਬ ਪਤੀਆਰ ਕਿਆ ਕੀਜੈ॥**
... ... ... ... ... ...
**ਚਿਰ ਭਇਓ ਦਰਸਨੁ ਦੇਖੇ॥ ੨॥ ੧॥**

ਭਾਵ : ਪਰਮਾਤਮਾ ਅੱਗੇ ਅਰਜ਼ੋਈ ਕਰਦੇ ਹਨ ਕਿ ਪਰਮਾਤਮਾ ਜੀ! ਮੇਰੇ ਵਰਗਾ ਇਸ ਸੰਸਾਰ ਵਿਚ ਕੋਈ ਨਿਮਾਣਾ ਨਹੀਂ ਹੈ ਅਤੇ ਤੇਰੇ ਵਰਗਾ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲਾ ਕੋਈ ਦਇਆਲੂ ਨਹੀਂ ਹੈ। ਹੇ ਪ੍ਰਭੂ ਜੀ! ਆਪ ਜੀ ਦੇ ਬ੍ਰਹਮ ਗਿਆਨ ਰੂਪੀ ਬਚਨ ਮੇਰੇ ਮਨ ਨੂੰ ਭਾਉਂਦੇ ਹਨ। ਇਸ ਲਈ ਮੈਨੂੰ, ਆਪਣੇ ਦਾਸ ਨੂੰ ਸੰਪੂਰਨ ਗਿਆਨ 'ਬ੍ਰਹਮ ਗਿਆਨ' ਦੇਣਾ ਕਰੋ ਜੀ। ਸਾਰੇ ਸੰਸਾਰ ਵਿਚ ਰਮੇ ਹੋਏ ਪਰਮਾਤਮਾ ਜੀ, ਮੈਂ ਆਪ ਤੋਂ ਬਲਿਹਾਰ-ਬਲਿਹਾਰ ਜਾਂਦਾ ਹਾਂ। ਪਰ ਕੀ ਕਾਰਨ ਹੈ ਕਿ ਆਪ ਮੇਰੇ ਨਾਲ ਬੋਲਦੇ ਨਹੀਂ? ਹੇ ਪਰਮਾਤਮਾ ਜੀ ਆਪ ਤੋਂ ਵਿਛੜਿਆਂ ਬਹੁਤ ਜਨਮ ਗੁਜ਼ਰ ਗਏ ਹਨ ਪਰ ਇਹ ਮਨੁੱਖਾ

ਜਨਮ ਮੈਂ ਆਪ ਜੀ ਨੂੰ ਸਮਰਪਿਤ ਕਰ ਦਿੱਤਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ ਮੈਂ ਆਪ ਜੀ ਦੇ ਦਰਸ਼ਨਾਂ ਦੀ ਆਸ ਲਗਾ ਕੇ ਜੀਅ ਰਿਹਾ ਹਾਂ, ਕਿਉਂਕਿ ਆਪ ਜੀ ਦੇ ਦਰਸ਼ਨ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ, ਇਸ ਲਈ ਕਿਰਪਾ ਕਰਕੇ ਆਪ ਮੈਨੂੰ ਦਰਸ਼ਨ ਦਿਉ।

ਗੁਰੂ ਜੀ ਦੀ ਪਰਮਾਤਮਾ ਨਾਲ ਸੱਚੀ ਲਗਨ ਲੱਗੀ ਹੋਈ ਸੀ। ਪਰਮਾਤਮਾ ਪ੍ਰਤੀ ਸ਼ਰਧਾ ਭਾਵਨਾ ਸੀ ਪਰ ਅਸੀਂ ਗੁਰੂ ਰਵਿਦਾਸ ਜੀ ਮਹਾਰਾਜ ਦੇ ਜਨਮ ਦਿਨ 'ਤੇ ਕਾਫ਼ੀ ਰੌਲਾ-ਰੱਪਾ ਪਾਉਂਦੇ ਹਾਂ, ਢੋਲ ਵਜਾਉਂਦੇ ਹਾਂ, ਭੰਗੜੇ ਪਾਉਂਦੇ ਹਾਂ, ਲਲਕਾਰੇ ਮਾਰਦੇ ਹਾਂ। ਜਦੋਂ ਗੁਰੂ ਜੀ ਦੇ ਜਨਮ ਦਿਨ 'ਤੇ ਨਗਰ ਕੀਰਤਨ ਕੱਢਿਆ ਜਾਂਦਾ ਹੈ ਤਾਂ ਇਹੋ ਕੁਝ ਵੇਖਣ ਨੂੰ ਮਿਲਦਾ ਹੈ ਜਿਸਨੂੰ ਵੇਖ ਕੇ ਸ਼ਰਮ ਮਹਿਸੂਸ ਹੁੰਦੀ ਹੈ। ਸਾਨੂੰ ਗੁਰੂ ਜੀ ਦੇ ਜਨਮ ਦਿਨ ਸ਼ਰਧਾ ਭਾਵਨਾ ਤੇ ਸਾਦਗੀ ਨਾਲ ਮਨਾਉਣੇ ਚਾਹੀਦੇ ਹਨ ਜਿਸ ਨਾਲ ਕੌਮ ਦੀ ਆਨ ਤੇ ਸ਼ਾਨ ਵਧੇ ਤੇ ਹਰ ਕੋਈ ਇਸ ਦੀ ਸਿਫ਼ਤ ਕਰੇ ਤਾਂ ਕਿ ਗੁਰੂ ਜੀ ਦੀ ਪ੍ਰਤੀ ਸੱਚੀ ਸ਼ਰਧਾ ਦਾ ਪਤਾ ਲੱਗੇ।

ਸੋ ਸਾਨੂੰ ਗੁਰੂ ਜੀ ਦਾ ਜਨਮ ਦਿਨ ਧਾਰਮਿਕ ਸ਼ਰਧਾ ਨਾਲ ਮਨਾਉਣਾ ਚਾਹੀਦਾ ਹੈ ਤਾਂ ਕਿ ਜਨਮ ਦਿਨ ਦਾ ਅਕਸ ਧਾਰਮਿਕ ਹੀ ਰਹੇ ਜਿਸ ਨਾਲ ਕੌਮ ਦਾ ਸਿਰ ਉੱਚਾ ਹੋ ਸਕੇ। ਜਿਸ ਦੀ ਹਰ ਕੋਈ ਸਿਫ਼ਤ ਕਰੇ।

* * *

# ਜਾਤ ਕਾ ਗਰਬ ਨ ਕਰਿਓ ਕੋਈ

*—ਰੇਸ਼ਮ ਲਾਲ ਚੁੰਬਰ, ਮੀਰਪੁਰ ਜੱਟਾਂ (ਨਵਾਂ ਸ਼ਹਿਰ)*

ਸ੍ਰੀ ਗੁਰੂ ਰਵਿਦਾਸ ਜੀ ਕਿਸੇ ਇਕ ਜਾਤੀ ਦੇ ਗੁਰੂ ਨਹੀਂ ਹਨ। ਜਿਹੜਾ ਵੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਸ਼ਰਧਾ ਰੱਖਦਾ ਹੈ ਉਸ ਦੇ ਹੀ ਉਹ ਗੁਰੂ ਹਨ। ਸਾਡੇ ਸਮਾਜ ਦੇ ਕੁਝ ਲੋਕਾਂ ਅਤੇ ਕੁਝ ਅਖੌਤੀ ਉੱਚੀ ਜਾਤ ਦੇ ਲੋਕਾਂ ਨੇ ਗੁਰੂ ਜੀ ਨੂੰ ਕੇਵਲ ਚਮਾਰ ਜਾਤੀ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਕਦਾਚਿਤ ਵੀ ਠੀਕ ਨਹੀਂ। ਕੁਝ ਲੋਕ ਗੁਰੂ ਜੀ ਦਾ ਨਾਮ ਲੈਣ ਲੱਗਿਆਂ ਨਾਮ ਅੱਗੇ ਆਦਰ ਭਾਵ ਦਾ ਸ਼ਬਦ ਨਹੀਂ ਲਗਾਉਂਦੇ ਅਤੇ ਨਾ ਹੀ ਇਹ ਗੁਰੂ ਜੀ ਦੇ ਫਲਸਫੇ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਝਦੇ ਹਨ ਕਿ ਸ਼ਾਇਦ ਗੁਰੂ ਜੀ ਕੇਵਲ ਦਲਿਤਾਂ ਦੇ ਹੀ ਗੁਰੂ ਹਨ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਿੰਨਾ ਸਤਿਕਾਰ ਦਲਿਤ ਲੋਕ ਅਖੌਤੀ ਉੱਚ ਜਾਤੀ ਰਹਿਬਰਾਂ ਦਾ ਕਰਦੇ ਹਨ ਉਤਨਾ ਇਹ ਲੋਕ ਦਲਿਤਾਂ ਦੇ ਰਹਿਬਰਾਂ ਦਾ ਨਹੀਂ ਕਰਦੇ।

ਜੇਕਰ ਅਸੀਂ ਥੋੜ੍ਹੀ ਜਿਹੀ ਕੋਸ਼ਿਸ਼ ਕਰਕੇ ਹੀ ਸ੍ਰੀ ਗੁਰੂ ਰਵਿਦਾਸ ਫਲਸਫੇ ਦਾ ਅਧਿਐਨ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਜਾਤ-ਪਾਤ ਤਾਂ ਕੀ ਗੁਰੂ ਜੀ ਦੇਸ਼-ਪ੍ਰਦੇਸ਼, ਰੰਗ-ਨਸਲ, ਅਮੀਰ-ਗਰੀਬ ਦੇ ਭੇਦ ਭਾਵ ਤੋਂ ਉੱਪਰ ਉੱਠ ਕੇ ਪੂਰੇ ਵਿਸ਼ਵ ਦੀ ਗੱਲ ਕਰਦੇ ਹਨ। ਸਭ ਤੋਂ ਉੱਚਾ-ਸੁੱਚਾ ਤੇ ਤਰਕ ਭਰਪੂਰ ਵਿਸ਼ਵ ਸ਼ਾਂਤੀ ਦਾ ਪੈਗਾਮ ਜੇਕਰ ਅੱਜ ਤੱਕ ਕੋਈ ਆਇਆ ਹੈ ਤਾਂ ਉਹ ਕੇਵਲ ਗੁਰੂ ਰਵਿਦਾਸ ਜੀ ਦਾ 'ਬੇਗਮਪੁਰਾ' ਹੀ ਹੈ। ਪ੍ਰੰਤੂ ਬੜੇ ਅਫ਼ਸੋਸ ਦੀ ਗੱਲ ਹੈ ਕਿ ਕੁਝ ਲੋਕ ਇਤਨੇ ਵੱਡੇ ਰਹਿਬਰ ਨੂੰ (ਇਥੋਂ ਤੱਕ ਕਿ ਕੁਝ ਦਲਿਤ ਜਾਤੀਆਂ ਵੀ) ਕੇਵਲ ਚਮਾਰਾਂ ਦਾ ਗੁਰੂ ਸਮਝੀ ਬੈਠੇ ਹਨ ਤੇ ਗੁਰ ਉਪਦੇਸ਼ਾਂ ਤੋਂ ਵਾਂਝੇ ਪਏ ਹਨ।

ਬਾਣੀ ਵਿਚ ਆਪਣੀ ਜਾਤ ਦਾ ਉਲੇਖ ਗੁਰੂ ਰਵਿਦਾਸ ਜੀ ਨੇ ਹੀ ਨਹੀਂ ਕੀਤਾ ਸਗੋਂ ਗੁਰੂ ਨਾਮਦੇਵ ਜੀ, ਗੁਰੂ ਕਬੀਰ ਜੀ ਨੇ ਵੀ ਬਾਣੀ ਵਿਚ ਇਸ ਦਾ ਜ਼ਿਕਰ ਕੀਤਾ ਹੈ। ਇਹ ਸਿਰਫ ਦਲਿਤਾਂ ਵਿਚ ਜਾਤੀ ਹੀਣ ਭਾਵਨਾ ਨੂੰ ਖਤਮ ਕਰਨ ਅਤੇ ਮਨੂੰਵਾਦੀ ਫਲਸਫੇ ਨੂੰ ਵੰਗਾਰਨ ਲਈ ਸੀ ਜਿਹੜਾ ਕਹਿੰਦਾ ਸੀ ਕਿ ਅਖੌਤੀ ਸ਼ੂਦਰ ਰੱਬ ਦੀ ਭਗਤੀ ਨਹੀਂ ਕਰ ਸਕਦੇ।

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਗੁਰੂ ਜੀ ਦੇ ਇਸ ਫਲਸਫੇ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਵਿਸਾਖੀ 1699 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਜਾਤ-ਪਾਤ ਦਾ ਬੀਜ ਨਾਸ਼ ਕਰਨ ਦਾ ਉਪਰਾਲਾ ਕੀਤਾ।

ਸੋ ਆਓ ਜਾਤੀ ਹੀਣ ਭਾਵਨਾ ਨੂੰ ਖਤਮ ਕਰਕੇ ਗੁਰੂ ਰਵਿਦਾਸ ਜੀ ਦੀ ਵਿਸ਼ਵ ਵਿਆਪੀ ਵਿਚਾਰਧਾਰਾ ਨੂੰ ਇਸ ਜਾਤ-ਪਾਤ ਦੇ ਤੰਗ ਵਿਹੜਿਆਂ 'ਚੋਂ ਕੱਢ ਕੇ ਜਨ-ਜਨ ਤੱਕ ਪਹੁੰਚਾਈਏ ਤਾਂ ਕਿ ਵਿਸ਼ਵ ਸ਼ਾਂਤੀ ਲਈ ਰਾਹ ਪੱਧਰਾ ਹੋ ਸਕੇ।

* * *

## ਮਾਤਾ ਕਲਸਾਂ ਸੇਵਾ ਸੁਸਾਇਟੀ (ਬੀਬੀਆਂ)

ਸਾਡਾ ਸਮਾਜ ਉੱਨਤੀ ਵੱਲ ਕਦਮ ਪੁੱਟ ਰਿਹਾ ਹੈ। ਆਮ ਕਰਕੇ ਇਹ ਸਮਝਿਆ ਜਾ ਰਿਹਾ ਹੈ ਕਿ ਜੋ ਇਨਸਾਨ ਪੜ੍ਹ-ਲਿਖ ਜਾਂਦਾ ਹੈ, ਉਹ ਆਪਣੇ ਸਮਾਜ ਤੋਂ ਨਿਕਲ ਕੇ ਹੋਰ ਹੀ ਦੁਨੀਆਂ ਵਿਚ ਵਿਚਰਨ ਲਗਦਾ ਹੈ। ਇੰਜ ਸਾਡੇ ਸਮਾਜ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਪਰ ਅੰਜਿਹਾ ਸੌ ਫੀਸਦੀ ਨਹੀਂ ਹੈ। ਕੁਝ ਅਜਿਹੇ ਇਨਸਾਨ ਹਨ ਜੋ ਪੜ੍ਹ-ਲਿਖ ਕੇ ਆਪਣੇ ਪਛੜੇ ਸਮਾਜ ਦੀ ਸੇਵਾ ਕਰਨ ਵੱਲ ਰੁਚਿਤ ਰਹਿੰਦੇ ਹਨ। ਜੇ ਇਸ ਪਾਸੇ ਬੀਬੀਆਂ ਲੱਗ ਜਾਣ ਤਾਂ ਇਹ ਸੋਨੇ 'ਤੇ ਸੁਹਾਗੇ ਵਰਗੀ ਗੱਲ ਹੈ। ਇਸੇ ਤਰ੍ਹਾਂ ਹੀ ਕੁਝ ਪੜ੍ਹੀਆਂ-ਲਿਖੀਆਂ ਬੀਬੀਆਂ ਇਕੱਠੀਆਂ ਹੋਈਆਂ ਤੇ ਉਨ੍ਹਾਂ ਨੇ ਨੌਕਰੀ ਕਰਦਿਆਂ, ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਦਿਆਂ ਕੁਝ ਸਮਾਂ ਬਚਾਇਆ ਤੇ ਸਮਾਜ ਦੀ ਸੇਵਾ ਕਰਨ ਵੱਲ ਲਗਾਇਆ। ਬੀਬੀ ਅਨੀਤਾ ਲੋਈ , ਬੀਬੀ ਆਸ਼ਾ ਜਨਾਗਲ, ਬੀਬੀ ਕਮਲੇਸ਼ ਕਲੇਰ (ਆਗਿਆ ਦੇਵੀ), ਬੀਬੀ ਜਸਵਿੰਦਰ ਕੌਰ, ਬੀਬੀ ਕਮਲੇਸ਼ ਕਲੇਰ, ਬੀਬੀ ਗੁਰਮੇਜ ਕੌਰ ਤੇ ਬੀਬੀ ਕਮਲੇਸ਼ ਚੁੰਬਰ ਆਦਿ ਬੀਬੀਆਂ ਨੇ ਹੋਰ ਬੀਬੀਆਂ ਨੂੰ ਆਪਣੇ ਨਾਲ ਰਲਾਇਆ ਤੇ ਮਾਤਾ ਕਲਸਾਂ ਸੇਵਾ ਸੁਸਾਇਟੀ (ਬੀਬੀਆਂ) ਸਤਿਗੁਰੂ ਰਵਿਦਾਸ ਮੰਦਿਰ ਭਗਵਾਨ ਦਾਸ ਕਾਲੋਨੀ ਸਲੇਮ ਟਾਬਰੀ (ਲੁਧਿਆਣਾ) ਸਥਾਪਤ ਕੀਤੀ। ਇਸ ਸੰਸਥਾ ਵਲੋਂ ਹਰ ਸ਼ਨਿਚਰਵਾਰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਪਾਠ, ਕੀਰਤਨ ਅਤੇ ਕਥਾ ਵਿਖਿਆਨ ਸੰਗਤਾਂ ਦੇ ਘਰਾਂ ਵਿਚ ਜਾ ਕੇ ਕੀਤਾ ਜਾਂਦਾ ਹੈ ਤੇ ਜੋ ਸੇਵਾ ਫਲ ਮਿਲਦਾ ਹੈ ਉਹ ਧਰਮ ਅਰਥ ਲਗਾ ਦਿੱਤਾ ਜਾਂਦਾ ਹੈ। ਗਰੀਬ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ ਤੇ ਹੋਰ ਉਪਰਾਲੇ ਕੀਤੇ ਜਾਂਦੇ ਹਨ। ਅਰਜ਼ੋਈ ਹੈ ਕਿ ਸਤਿਗੁਰੂ ਇਨ੍ਹਾਂ ਨੂੰ ਹੋਰ ਉੱਦਮ ਬਖਸ਼ੇ।

—ਰਛਪਾਲ ਸਿੰਘ ਬੱਧਣ

# ਰਹਿਨੁਮਾ ਸਤਿਗੁਰੂ

—ਆਰਿਫ਼ ਗੋਬਿੰਦਪੁਰੀ

ਮੇਰਾ ਮਿਹਰਬਾਂ ਰਹਿਨੁਮਾ ਸਤਿਗੁਰੂ ਹੈ।
ਮੇਰੇ ਅੰਗ-ਸੰਗ ਹਰ ਜਗ੍ਹਾ ਸਤਿਗੁਰੂ ਹੈ।
ਕੋਈ ਹੋਰ ਹੋਏਗਾ ਜਗ ਦਾ ਖ਼ੁਦਾ ਵੀ
ਮੇਰੇ ਵਾਸਤੇ ਤਾਂ ਖ਼ੁਦਾ ਸਤਿਗੁਰੂ ਹੈ।
ਨਹੀਂ ਲੋੜ ਉਸ ਨੂੰ ਕਿਸੇ ਆਸਰੇ ਦੀ
ਕਿ ਜਿਸ ਸ਼ਖ਼ਸ ਦਾ ਆਸਰਾ ਸਤਿਗੁਰੂ ਹੈ।
ਇਦ੍ਹੇ ਨੂਰ ਸਦਕਾ ਹੈ ਪੁਰਨੂਰ ਦੁਨੀਆ
ਕਿ ਸੋਮਾ "ਜ਼ਿਆ"[1] ਦਾ ਮੇਰਾ ਸਤਿਗੁਰੂ ਹੈ।
ਮੇਰਾ ਸਤਿਗੁਰੂ ਤਾਂ ਹੈ ਸੁੱਖਾਂ ਦਾ ਸਾਗਰ
ਘਟਾ ਰਹਿਮਤਾਂ ਦੀ ਮੇਰਾ ਸਤਿਗੁਰੂ ਹੈ।
ਇਦ੍ਹਾ ਨਾਮ ਦੁੱਖਾਂ ਕਲੇਸ਼ਾਂ ਦਾ ਦਾਰੂ
ਕਿ ਜੱਗ ਦਾ ਮਸੀਹਾ ਮੇਰਾ ਸਤਿਗੁਰੂ ਹੈ।
ਨਾ ਤੂਫ਼ਾਂ ਦਾ ਡਰ ਹੈ ਨਾ ਮੰਝਧਾਰ ਦਾ ਗ਼ਮ
ਮੇਰੀ ਕਸ਼ਤੀ ਦਾ ਨਾਖ਼ੁਦਾ[2] ਸਤਿਗੁਰੂ ਹੈ।
ਮੇਰੇ ਸਤਿਗੁਰੂ ਦੇ ਹੈ ਕਦਮਾਂ 'ਚ ਜੰਨਤ
ਸਵਰਗਾਂ ਦਾ ਮਾਲਿਕ ਮੇਰਾ ਸਤਿਗੁਰੂ ਹੈ।
ਜੇ ਮੁਸ਼ਕਿਲ 'ਚ ਹੈ ਕਾਰਵਾਂ ਤਾਂ ਵੀ ਕੀ ਗ਼ਮ
ਕਿ ਖ਼ੁਦ ਏਸ ਦਾ ਰਹਿਨੁਮਾ ਸਤਿਗੁਰੂ ਹੈ।
ਗ਼ਰੀਬਾਂ ਨੂੰ ਹੀ ਪਿਆਰ ਕੀਤਾ ਗੁਰਾਂ ਨੇ
ਗ਼ਰੀਬਾਂ ਦਾ ਹੀ ਆਸ਼ਨਾ[3] ਸਤਿਗੁਰੂ ਹੈ।
ਜਗਾ ਦੇ ਇਨ੍ਹਾਂ ਨੌਜੁਆਨਾਂ ਦੀ ਗ਼ੈਰਤ
ਮੇਰੀ ਤਾਂ ਇਹੋ ਇਲਤਜਾ[4], ਸਤਿਗੁਰੂ ਹੈ।
ਜਿਨ੍ਹਾਂ ਨੂੰ ਜ਼ਮਾਨਾ ਹੈ ਠੁਕਰਾਉਂਦਾ 'ਆਰਿਫ਼'
ਉਨ੍ਹਾਂ ਬੇਕਸਾਂ ਦੀ ਪਨਾਹ ਸਤਿਗੁਰੂ ਹੈ।

---

1. ਰੌਸ਼ਨੀ, ਜੋਤ, ਪ੍ਰਕਾਸ਼; 2. ਮਲਾਹ; 3. ਮਿੱਤਰ, ਦੋਸਤ; 4. ਬੇਨਤੀ, ਗੁਜ਼ਾਰਿਸ਼।

---

## ਸ਼ਬਦ ਦੀ ਵਿਆਖਿਆ.......(ਸਫ਼ਾ 1 ਦੀ ਬਾਕੀ)

ਮਨ ਵਿਚ ਮਾਇਆ ਬਾਰੇ ਹੀ ਸੋਚਦਾ ਰਹਿੰਦਾ ਹੈ। ਬਚਨ, ਵਿਚਾਰ ਤੇ ਕਰਮ ਵੀ ਮਾਇਆ ਅਨੁਸਾਰ ਹੀ ਕਰਦਾ ਹੈ। ਦੁਨਿਆਵੀ ਮਾਇਆ ਵਿਚ ਫਸ ਕੇ ਗਲਤ ਕੰਮ ਕਰਦਾ ਹੈ ਪਰ ਇਸਨੂੰ ਇਹ ਯਾਦ ਨਹੀਂ ਕਿ ਮਰ ਕੇ ਕਿੱਥੇ ਸਮਾਉਣਾ ਹੈ। ਆਖ਼ਰੀ ਸਮੇਂ ਜੀਵ ਨੂੰ ਇਹ ਮਾਇਆ-ਭੋਗ ਵਿਅਰਥ ਤੇ ਕੌੜੇ ਲਗਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਬਾਜੀਗਰ ਸ੍ਰਿਸ਼ਟੀ ਸਿਰਜਣਹਾਰ ਨੇ ਸੰਸਾਰ ਦੀ ਬਾਜੀ ਰਚੀ ਹੈ। ਉਹ ਮਰਜ਼ੀ ਅਨੁਸਾਰ ਜੀਵ ਤੋਂ ਕਰਮ ਕਰਵਾਉਂਦਾ ਹੈ। ਪਰ ਮੈਨੂੰ ਬਾਂਜੀਗਰ ਪ੍ਰਭੂ ਨਾਲ ਪਿਆਰ ਹੋ ਗਿਆ ਹੈ।

# ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ ਪੰਜਾਬ ਦੀ ਚੋਣ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ ਪੰਜਾਬ ਦੀ ਚੋਣ ਤਿੰਨ ਸਾਲਾਂ ਤੋਂ ਬਾਅਦ ਦੁਬਾਰਾ ਹੋਈ। ਇਸ ਚੋਣ ਵਿਚ ਹੇਠ ਲਿਖੇ ਨਵੇਂ ਅਹੁਦੇਦਾਰ ਚੁਣੇ ਗਏ :

1. ਪ੍ਰਧਾਨ : ਸ: ਰਛਪਾਲ ਸਿੰਘ ਬੱਧਣ ਸਪੁੱਤਰ ਸ: ਸਤਵੰਤ ਸਿੰਘ ਬੱਧਣ, N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4। ਫ਼ੋਨ : 0181-2490309
2. ਸੀਨੀਅਰ ਮੀਤ ਪ੍ਰਧਾਨ : ਸ੍ਰੀ ਕਾਂਸ਼ੀ ਰਾਮ ਕਲੇਰ ਸਪੁੱਤਰ ਸ੍ਰੀ ਭਗਤ ਰਾਮ, ਪਿੰਡ ਤੇ ਡਾਕ: ਜੰਡੂਸਿੰਘਾ, ਜਲੰਧਰ।
3. ਮੀਤ ਪ੍ਰਧਾਨ : ਸ੍ਰੀ ਪਰਮਜੀਤ ਵਿਰਦੀ, ਸਪੁੱਤਰ ਸ੍ਰੀ ਸੋਹਨ ਲਾਲ, BX-1596, ਲੰਮਾ ਪਿੰਡ, ਜਲੰਧਰ-9.
4. ਜਨਰਲ ਸਕੱਤਰ : ਸ੍ਰੀ ਅਮਰਜੀਤ ਸਿੰਘ ਬਿੱਲਾ ਸਪੁੱਤਰ ਸ੍ਰੀ ਸੀਤਲ ਰਾਮ, ਪਿੰਡ ਤੇ ਡਾਕਖਾਨਾ ਲੰਗੜੋਆ, ਜ਼ਿਲ੍ਹਾ ਨਵਾਂ ਸ਼ਹਿਰ।
5. ਖ਼ਜ਼ਾਨਚੀ : ਸ੍ਰੀ ਅਸ਼ਵਨੀ ਚੌਕੜੀਆ ਸਪੁੱਤਰ ਸ੍ਰੀ ਬੀ. ਆਰ. ਚੌਕੜੀਆ, BX-1296/27, ਲੰਮਾ ਪਿੰਡ, ਜਲੰਧਰ-9.
6. ਸਹਾਇਕ ਖ਼ਜ਼ਾਨਚੀ : ਗੁਰਪ੍ਰੀਤ ਸਿੰਘ ਬੱਧਣ ਸਪੁੱਤਰ ਸ: ਰਛਪਾਲ ਸਿੰਘ ਬੱਧਣ, N.B.180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4.
7. ਦਫ਼ਤਰ ਸਕੱਤਰ : ਸ੍ਰੀ ਦਿਲਬਾਗ ਸਿੰਘ ਸਪੁੱਤਰ ਸ੍ਰੀ ਅਰਜਨ ਰਾਮ, ਪਿੰਡ ਤੇ ਡਾਕਖਾਨਾ ਬਿਨਪਾਲਕੇ, ਜ਼ਿਲ੍ਹਾ ਜਲੰਧਰ।
8. ਆਡੀਟਰ : ਸ੍ਰੀ ਰਾਮ ਧੰਨ ਨਾਂਗਲੂ ਸਪੁੱਤਰ ਸ੍ਰੀ ਰੱਖਾ ਰਾਮ, ਮੁਹੱਲਾ ਨਈ ਆਬਾਦੀ, ਭੋਗਪੁਰ, ਜ਼ਿਲ੍ਹਾ ਜਲੰਧਰ।
9. ਲੀਗਲ ਅਡਵਾਈਜ਼ਰ : ਸ੍ਰੀ ਰਾਜਿੰਦਰ ਬੱਧਣ, ਸਪੁੱਤਰ ਸ੍ਰੀ ਬਖਸ਼ੀ ਰਾਮ, B-8/27, ਸਈਪੁਰ ਛੋਟਾ, ਇੰਡਸਟ੍ਰੀਅਲ ਏਰੀਆ, ਜਲੰਧਰ।

**ਇਨ੍ਹਾਂ ਦੇ ਨਾਲ ਇਕ ਸੱਤ ਮੈਂਬਰੀ ਐਗਜ਼ੈਕਟਿਵ ਕਮੇਟੀ ਵੀ ਬਣਾਈ ਗਈ। ਜਿਸ ਵਿਚ ਹੇਠ ਲਿਖੇ ਮੈਂਬਰ ਲਏ ਗਏ :**

1. ਸ: ਮੱਘਰ ਸਿੰਘ ਸਪੁੱਤਰ ਸ: ਲੀਕਲ ਸਿੰਘ, ਮੁਹੱਲਾ ਅਟੱਲ ਨਗਰ, ਰਾਹੋਂ ਰੋਡ, ਲੁਧਿਆਣਾ।
2. ਸ੍ਰੀ ਮਹਿੰਦਰ ਸਿੰਘ ਮਹੇੜੂ, ਸਪੁੱਤਰ ਸ੍ਰੀ ਬਿਸ਼ਨ ਦਾਸ, ਪਿੰਡ ਤੇ ਡਾ: ਮਹੇੜੂ, ਫਗਵਾੜਾ, ਜ਼ਿਲ੍ਹਾ ਕਪੂਰਥਲਾ।
3. ਸ: ਚਰਨਜੀਤ ਸਿੰਘ ਬਿਨਪਾਲਕੇ ਸਪੁੱਤਰ ਸ੍ਰੀ ਅਰਜਨ ਰਾਮ, ਪਿੰਡ ਤੇ ਡਾ: ਬਿਨਪਾਲਕੇ, ਜ਼ਿਲ੍ਹਾ ਜਲੰਧਰ।
4. ਸ੍ਰੀ ਅਸ਼ਵਨੀ ਹੀਰ, ਸਪੁੱਤਰ ਸ੍ਰੀ ਦੇਵ ਰਾਜ ਪਿੰਡ ਸਈਪੁਰ, ਜ਼ਿਲ੍ਹਾ ਜਲੰਧਰ।
5. ਸ੍ਰੀ ਰੇਸ਼ਮ ਲਾਲ, ਸਪੁੱਤਰ ਸ੍ਰੀ ਭਗਤ ਰਾਮ, ਪਿੰਡ ਤੇ ਡਾਕਖਾਨਾ ਮੀਰਪੁਰ ਜੱਟਾਂ, ਨੇੜੇ ਜਾਡਲਾ, ਜ਼ਿਲ੍ਹਾ ਨਵਾਂ ਸ਼ਹਿਰ।
6. ਸ੍ਰੀ ਅਜੀਤ ਕੁਮਾਰ ਸਪੁੱਤਰ ਸ੍ਰੀ ਪੋਲੋ ਰਾਮ ਪਿੰਡ ਤੇ ਡਾ: ਬੋਲੀਨਾ ਦੁਆਬਾ, ਜ਼ਿਲ੍ਹਾ ਜਲੰਧਰ।
7. ਸ੍ਰੀ ਸੁਰੇਸ਼ ਕੁਮਾਰ ਬੱਧਣ, ਸਪੁੱਤਰ ਸ੍ਰੀ ਰਾਜਿੰਦਰ ਕੁਮਾਰ ਬੱਧਣ, ਮਾਰਫਤ ਬੱਧਣ ਗੈਸ ਏਜੰਸੀ, ਸੋਢਲ ਨਗਰ, ਜਲੰਧਰ

ਸਹੀ - ਰਛਪਾਲ ਸਿੰਘ ਬੱਧਣ